Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 173 | Thursday, September 02, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਟਰੂਡੋ ਤੇ ਓਟੂਲ ਓਨਟਾਰੀਓ ਵਿੱਚ, ਜਗਮੀਤ ਸਿੰਘ ਕਿਊਬਿਕ ਵਿੱਚ ਕਰਨਗੇ ਚੋਣ ਪ੍ਰਚਾਰ




ਓਨਟਾਰੀਓ, 1 ਸਤੰਬਰ (ਪੋਸਟ ਬਿਊਰੋ) : ਫੈਡਰਲ ਚੋਣ ਕੈਂਪੇਨ ਦੇ 18ਵੇਂ ਦਿਨ ਤਿੰਨਾਂ ਪਾਰਟੀਆਂ ਦੇ ਆਗੂਆਂ ਨੇ ਓਨਟਾਰੀਓ ਤੇ ਕਿਊਬਿਕ ਵਿੱਚ ਹੀ ਰਹਿਣ ਦਾ ਫੈਸਲਾ ਕੀਤਾ ਹੈ।

ਲਿਬਰਲ ਆਗੂ ਜਸਟਿਨ ਟਰੂਡੋ ਆਪਣੇ ਦਿਨ ਦੀ ਸ਼ੁਰੂਆਤ ਟੋਰਾਂਟੋ ਵਿੱਚ ਐਲਾਨ ਨਾਲ ਕਰਨਗੇ। ਕੰਜ਼ਰਵੇਟਿਵ ਆਗੂ ਐਰਿਨ ਓਟੂਲ ਵੀ ਓਨਟਾਰੀਓ ਵਿੱਚ ਹੀ ਚੋਣ ਪ੍ਰਚਾਰ ਕਰਨ ਉੱਤੇ ਧਿਆਨ ਕੇਂਦਰਿਤ ਕਰਨਗੇ। ਉਹ ਓਟਵਾ ਦੇ ਹੋਟਲ ਵਿੱਚ ਇੱਕ ਐਲਾਨ ਤੋਂ ਦਿਨ ਦੀ ਸ਼ੁਰੂਆਤ ਕਰਨਗੇ। ...ਬਾਕੀ ਪੰਨਾ 5 'ਤੇ

## ਲਿਬਰਲਾਂ ਨੇ 2021 ਲਈ ਜਾਰੀ ਕੀਤਾ ਆਪਣਾ ਪਲੇਟਫਾਰਮ

***ਮਹਾਂਮਾਰੀ ਤੋਂ ਬਾਅਦ ਕੈਨੇਡਾ ਨੂੰ ਸੰਵਾਰਨ ਉੱਤੇ 78 ਬਿਲੀਅਨ ਡਾਲਰ ਖਰਚਣ ਦਾ ਕੀਤਾ ਵਾਅਦਾ**




ਓਟਵਾ, 1 ਸਤੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਫੈਡਰਲ ਲਿਬਰਲਾਂ ਨੇ ਦੇਸ਼ ਨੂੰ ਕੋਵਿਡ-19 ਮਹਾਂਮਾਰੀ ਤੋਂ ਬਾਹਰ ਕੱਢਣ ਲਈ ਪੂਰੀ ਯੋਜਨਾ ਦਾ ਖੁਲਾਸਾ ਕੀਤਾ। ਇਸ ਦੇ ਨਾਲ ਹੀ 2021 ਲਈ ਜਾਰੀ ਕੀਤੇ ਗਏ ਪਲੇਟਫਾਰਮ ਵਿੱਚ ਨਵੀਂ ਫੰਡਿੰਗ, ਕਿਫਾਇਤ ਤੇ ਸਮਾਨਤਾ ਵਰਗੇ ਮੁੱਦਿਆਂ ਸਬੰਧੀ ਵਾਅਦੇ ਕੀਤੇ ਗਏ।

ਟੋਰਾਂਟੋ ਵਿੱਚ ਕਰਵਾਏ ਗਏ ਇੱਕ ਈਵੈਂਟ ਵਿੱਚ ਲਿਬਰਲ ਆਗੂ ਜਸਟਿਨ ਟਰੂਡੋ ਨੇ 82 ਪੰਨਿਆਂ ਦਾ ਦਸਤਾਵੇਜ਼ ਜਾਰੀ ਕਰਦਿਆਂ ਯੰਗ ਕੈਨੇਡੀਅਨਜ਼, ...ਬਾਕੀ ਪੰਨਾ 5 'ਤੇ

## ਸਾਰਿਆਂ ਨੂੰ ਨਾਲ ਲੈ ਕੇ ਅੱਗੇ ਵਧਣਾ ਹੀ ਹੈ ਟੀਮ ਟਰੂਡੋ ਦਾ ਅਸਲੀ ਪਲੈਨ : ਰੂਬੀ ਸਹੋਤਾ



ਬਰੈਂਪਟਨ, 1 ਸਤੰਬਰ (ਪੋਸਟ ਬਿਊਰੋ) : ਅੱਜ ਰੂਬੀ ਸਹੋਤਾ ਤੇ ਲਿਬਰਲ ਪਾਰਟੀ ਆਫ ਕੈਨੇਡਾ ਵੱਲੋਂ ਕੈਨੇਡਾ ਨੂੰ ਅੱਗੇ ਲਿਜਾਣ ਲਈ ਆਪਣੇ ਪਲੈਨ ਦਾ ਖੁਲਾਸਾ ਕੀਤਾ ਗਿਆ।

ਬਰੈਂਪਟਨ ਨੌਰਥ ਤੋਂ ਲਿਬਰਲ ਉਮੀਦਵਾਰ ਰੂਬੀ ਸਹੋਤਾ ਨੇ ਆਖਿਆ ਕਿ ਪਿਛਲੇ 18 ਮਹੀਨਿਆਂ ਤੋਂ ਕੈਨੇਡੀਅਨਜ਼ ਨੂੰ ਇਸ ਸਦੀ ਦੇ ਸੱਭ ਤੋਂ ਵੱਡੇ ਸੰਕਟ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਵੱਲੋਂ ਮਾਸਕ ਪਾਏ ਗਏ ਤੇ ਇੱਕ ਦੂਜੇ ਨੂੰ ਸੁਰੱਖਿਅਤ ਰੱਖਣ ਲਈ ਖੁਦ ਨੂੰ ਘਰਾਂ ਵਿੱਚ ਬੰਦ ਕੀਤਾ ਗਿਆ। ਉਨ੍ਹਾਂ ਘਰਾਂ ਤੋਂ ਕੰਮ ਕੀਤਾ ਤੇ ਉਨ੍ਹਾਂ ਦੇ ਬੱਚਿਆਂ ਨੇ ਵਰਚੂਅਲ ਤੌਰ ਉੱਤੇ ਪੜ੍ਹਾਈ ਕੀਤੀ। ...ਬਾਕੀ ਪੰਨਾ 5 'ਤੇ

## ਹੈਲਥ ਕੈਨੇਡਾ ਨੇ ਕੋਵਿਡ-19 ਦੇ ਇਲਾਜ ਲਈ ਐਂਟੀਪੈਰਾਸਾਈਟਿਕ ਦਵਾਈ ਨਾ ਖਾਣ ਦੀ ਦਿੱਤੀ ਸਲਾਹ



ਟੋਰਾਂਟੋ, 1 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਦੇ ਇਲਾਜ ਲਈ ਜਾਂ ਇਸ ਤੋਂ ਬਚਣ ਲਈ ਲੋਕਾਂ ਵੱਲੋਂ ਐਂਟੀਪੈਰਾਸਾਈਟਿਕ ਦਵਾਈ, ਜਿਹੜੀਆਂ ਪਸ਼ੂਆਂ ਲਈ ਕੰਮ ਆਉਂਦੀ ਹੈ, ਆਇਵਰਮੈਕਟਿਨ ਦੀ ਵਰਤੋਂ ਕਰਨ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਹੈਲਥ ਕੈਨੇਡਾ ਵੱਲੋਂ ਮੰਗਲਵਾਰ ਰਾਤੀਂ ਇੱਕ ਐਲਰਟ ਜਾਰੀ ਕਰਕੇ ਕੈਨੇਡੀਅਨਜ਼ ਨੂੰ ਅਜਿਹਾ ਨਾ ਕਰਨ ਦੀ ਸਲਾਹ ਦਿੱਤੀ ਗਈ ਹੈ। ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਜਾਨਵਰਾਂ ਲਈ ਵਰਤੀ ਜਾਣ ਵਾਲੀ ਇਸ ਦਵਾਈ ਨਾਲ ਮਨੁੱਖਾਂ ਨੂੰ ਗੰਭੀਰ ਖਤਰਾ ਹੋ ਸਕਦਾ ਹੈ ਇਸ ਲਈ ਇਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

ਏਜੰਸੀ ਵੱਲੋਂ ਇਹ ਸਲਾਹ ਦਿੱਤੀ ਗਈ ਹੈ ਕਿ ਇਸ ਦਵਾਈ ਦੇ ਨਾ ਤਾਂ ਮਨੁੱਖੀ ਜਾਂ ਪਸ਼ੂਆਂ ਵਾਲੇ ਸੰਸਕਰਣ ਨੂੰ ਕੋਵਿਡ-19 ਦੇ ਇਲਾਜ ਵਜੋਂ ਵਰਤਿਆ ਜਾਣਾ ਚਾਹੀਦਾ ਹੈ। ਏਜੰਸੀ ਦਾ ਕਹਿਣਾ ਹੈ ਕਿ ਇਸ ਦਾ ਕੋਈ ਸਬੂਤ ...ਬਾਕੀ ਪੰਨਾ 5 'ਤੇ

## ਓਨਟਾਰੀਓ ਨੇ ਵੈਕਸੀਨ ਪਾਸਪੋਰਟ ਸਿਸਟਮ ਦਾ ਕੀਤਾ ਖੁਲਾਸਾ



ਟੋਰਾਂਟੋ, 1 ਸਤਬੰਰ (ਪੋਸਟ ਬਿਊਰੋ) : ਓਨਟਾਰੀਓ ਵਿੱਚ ਗੈਰ ਜ਼ਰੂਰੀ ਬਿਜ਼ਨਸਿਸ, ਜਿਵੇਂ ਕਿ ਜਿੰਮਜ਼, ਇੰਡੋਰ ਰੈਸਟੋਰੈਂਟਸ, ਮੂਵੀ ਥਿਏਟਰ ਤੇ ਕੰਸਰਟ ਹਾਲਜ਼ ਤੱਕ ਪਹੁੰਚ ਕਰਨ ਲਈ ਕੋਵਿਡ-19 ਵੈਕਸੀਨੇਸ਼ਨ ਦਾ ਸਬੂਤ ਦੇਣਾ ਹੋਵੇਗਾ। ਇਹ ਸੱਭ ਪ੍ਰੋਵਿੰਸ ਦੇ ਨਵੇਂ ਵੈਕਸੀਨ ਸਰਟੀਫਿਕੇਸ਼ਨ ਪ੍ਰੋਗਰਾਮ, ਜੋ ਕਿ 22 ਸਤੰਬਰ ਤੋਂ ਸ਼ੁਰੂ ਹੋ ਰਿਹਾ ਹੈ, ਲਈ ਹੋ ਰਿਹਾ ਹੈ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਬੁੱਧਵਾਰ ਨੂੰ ਨਿਊਜ਼ ਕਾਨਫਰੰਸ ਵਿੱਚ ਇਹ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਡੈਲਟਾ ਵੇਰੀਐਂਟ ਕਾਰਨ ਚੌਥੀ ਵੇਵ ਮੁੜ ਸਿਰ ਚੁੱਕ ਰਹੀ ਹੈ ਤੇ ਇਸ ਦੇ ਮੱਦੇਨਜ਼ਰ ਗੈਰ ਜ਼ਰੂਰੀ ਕਾਰੋਬਾਰਾਂ ਤੇ ਫੈਸਿਲਿਟੀਜ਼ ਨੂੰ ਖੁੱਲ੍ਹਾ ਰੱਖਣ ਲਈ ਸਰਟੀਫਿਕੇਟ ਜ਼ਰੂਰੀ ਹੈ। ਫੋਰਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਆਪਣੇ ਮੈਡੀਕਲ ਮਾਹਿਰਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਅਸੀਂ ਵੈਕਸੀਨ ਸਰਟੀਫਿਕੇਟ ਪਾਲਿਸੀ ਲੈ ਕੇ ਆ ਰਹੇ ਹਾਂ। ਬਾਇਲਾਅ ਅਧਿਕਾਰੀਆਂ ਵੱਲੋਂ ਇਸ ਨੂੰ ਲਾਗੂ ...ਬਾਕੀ ਪੰਨਾ 5 'ਤੇ

Best Insurance Rates
Life * Auto * Home * Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill, Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Dubai Jewellers
2700 Northpark Drive Unit #19, Brampton Ontario L6S 0E9
North Park & Airport Major Intersection
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan
Mob: 416-465-1200
www.dubaijewellers.ca
info@dubaijewellers.ca

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance | Mortgage Insurance | Life Insurance | Visitor Insurance | Travel Insurance | RESP(Education Plan) | Critical Illness Insurance

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

REXDALE BODY SHOP
USED CAR SALE
Specialization In:
- All Kinds of Body Work
- Auto Glass Windshield
- Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.CA
mcheemaaaa@hotmail.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


chatr
AUTHORIZED DEALER
VISIT US AT:
1 PROMENADE CIRCLE
THORNHILL, ON
NEAR ENTRANCE #3
GRAND OPENING EVENT!
SUNDAY, AUGUST 29TH
GET UP TO
50% OFF FIRST MONTH*
+
PHONE SPECIALS & GIVEAWAYS
*Offer subject to change without notice. Available only at the participating location(s) from August 3rd – August 29th, 2021. Only applicable to new activations with the sign-up of pre-authorized payments with Auto-pay. ™ Trademarks used under license ©2021

# ਬਰੈਂਪਟਨ ਵਿੱਚ ਕਈ ਗੱਡੀਆਂ ਦੀ ਟੱਕਰ ਵਿੱਚ 2 ਜ਼ਖ਼ਮੀ



ਬਰੈਂਪਟਨ, 1 ਸਤੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਬਰੈਂਪਟਨ ਵਿੱਚ ਕਈ ਗੱਡੀਆਂ ਦੀ ਟੱਕਰ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ। ਇਲਾਜ ਲਈ ਉਨ੍ਹਾਂ ਨੂੰ ਹਸਪਤਾਲ ਭੇਜਿਆ ਗਿਆ।

ਪੀਲ ਪੁਲਿਸ ਦਾ ਕਹਿਣਾ ਹੈ ਕਿ ਇਹ ਹਾਦਸਾ ਏਅਰਪੋਰਟ ਰੋਡ ਤੇ ਵਿਲੀਅਮਜ਼ ਪਾਰਕਵੇਅ ਨੇੜੇ ਟ੍ਰਿਪਲ ਕ੍ਰਾਊਨ ਡਰਾਈਵ ਉੱਤੇ ਸ਼ਾਮੀਂ 6:45 ਉੱਤੇ ਵਾਪਰਿਆ। ਹਾਦਸੇ ਦਾ ਸ਼ਿਕਾਰ ਹੋਈਆਂ ਗੱਡੀਆਂ ਵਿੱਚੋਂ ਇੱਕ ਦੇ ਡਰਾਈਵਰ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਉਸੇ ਗੱਡੀ ਵਿੱਚ ਸਵਾਰ ਮਹਿਲਾ ਨੂੰ ਵੀ ਮਾਮੂਲੀ ਸੱਟਾਂ ਲੱਗਣ ਤੋਂ ਬਾਅਦ ਹਸਪਤਾਲ ਲਿਜਾਇਆ ਗਿਆ।

ਦੂਜੀ ਗੱਡੀ ਦੇ ਡਰਾਈਵਰ ਨੂੰ ਕੋਈ ਸੱਟ ਫੇਟ ਨਹੀਂ ਲੱਗੀ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਸਬੰਧ ਵਿੱਚ ਲਾਂਘਾ ਵੀ ਬੰਦ ਕਰ ਦਿੱਤਾ ਗਿਆ ਹੈ।

# ਕਿਊਬਿਕ ਵਿੱਚ 3 ਸਾਲਾ ਬੱਚੇ ਨੂੰ ਕੀਤਾ ਗਿਆ ਅਗਵਾ, ਐਂਬਰ ਐਲਰਟ ਜਾਰੀ




ਬੈਸ ਸੌਂ ਲਾਰੇਂ, 1 ਸਤੰਬਰ (ਪੋਸਟ ਬਿਊਰੋ) : ਕਿਊਬਿਕ ਦੇ ਬੈਸ ਸੌਂ ਲਾਰੇਂ ਇਲਾਕੇ ਵਿੱਚੋਂ ਇੱਕ 3 ਸਾਲਾ ਬੱਚੇ ਦੇ ਲਾਪਤਾ ਹੋਣ ਤੋਂ ਬਾਅਦ ਐਂਬਰ ਐਲਰਟ ਜਾਰੀ ਕੀਤਾ ਗਿਆ ਹੈ।

ਕਿਊਬਿਕ ਦੀ ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਜੇਕ ਕੋਟ ਨੂੰ ਆਖਰੀ ਵਾਰੀ 31 ਅਗਸਤ ਨੂੰ ਦੁਪਹਿਰੇ 1:00 ਵਜੇ ਸੌਂ ਪਾਲ ਵਿੱਚ ਵੇਖਿਆ ਗਿਆ ਸੀ। ਇਹ ਮਿਊਂਸਪੈਲਿਟੀ ਰਿਮੋਸਕੀ ਤੋਂ ਪੂਰਬ ਵੱਲ ਇੱਕ ਘੰਟੇ ਦੀ ਦੂਰੀ ਉੱਤੇ ਸਥਿਤ ਹੈ। ਜੇਕ ਕੋਟ ਦੇ ਨਿੱਕੇ ਭੂਰੇ ਵਾਲ ਹਨ ਤੇ ਉਸ ਦਾ ਭਾਰ 14 ਕਿਲੋਗ੍ਰਾਮ ਹੈ। ਉਸ ਨੂੰ ਆਖਰੀ ਵਾਰੀ ਲਾਲ ਰੰਗ ਦੀ ਟੀ-ਸ਼ਰਟ ਤੇ ਕਾਲੇ ਰੰਗ ਦੇ ਲੰਮੀਆਂ ਬਾਹਾਂ ਵਾਲੇ ਸਵੈਟਰ, ਜੀਨਜ਼ ਤੇ ਬੇਜ ਬੂਟਾਂ ਵਿੱਚ ਵੇਖਿਆ ਗਿਆ ਸੀ।

ਉਸ ਨੂੰ ਡੇਵਿਡ ਕੋਟ ਵੱਲੋਂ ਅਗਵਾ ਕੀਤਾ ਗਿਆ ਹੈ। ਡੇਵਿਡ ਕੋਟ 36 ਸਾਲਾਂ ਦਾ 5 ਫੁੱਟ 7 ਇੰਚ ਲੰਮਾਂ ਵਿਅਕਤੀ ਹੈ, ਜਿਸ ਦੀਆਂ ਅੱਖਾਂ ਦਾ ਰੰਗ ਨੀਲਾ ਤੇ ਵਾਲ ਭੂਰੇ ਹਨ ਤੇ ਉਸ ਦਾ ਵਜ਼ਨ 82 ਕਿੱਲੋ ਹੈ। ਪੁਲਿਸ ਗ੍ਰੇਅ ਰੰਗ ਦੀ ਹੱਥ ਨਾਲ ਪੇਂਟ ਕੀਤੀ ਗਈ ਏਟੀਵੀ ਦੀ ਭਾਲ ਕਰ ਰਹੀ ਹੈ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ 10 ਸਾਲਾ ਲੜਕੀ ਦੀ ਹਾਲਤ ਨਾਜ਼ੁਕ

ਵਾਅਨ, 1 ਸਤੰਬਰ (ਪੋਸਟ ਬਿਊਰੋ) : ਵਾਅਨ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ 10 ਸਾਲਾ ਲੜਕੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਯੌਰਕ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਬੱਚੀ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ।

ਪੁਲਿਸ ਨੂੰ ਸਵੇਰੇ 11:00 ਵਜੇ ਇਹ ਜਾਣਕਾਰੀ ਮਿਲੀ ਕਿ ਬੇਸੀ ਗੇਟ ਤੇ ਕੋਲਟਰੇਨ ਡਰਾਈਵ ਦਰਮਿਆਨ ਪਲੈਜ਼ੈਂਟ ਰਿੱਜ ਐਵਨਿਊ ਨੇੜੇ ਇੱਕ ਰਾਹਗੀਰ ਨੂੰ ਗੱਡੀ ਵੱਲੋਂ ਟੱਕਰ ਮਾਰੀ ਗਈ ਹੈ। ਉਸ ਇਲਾਕੇ ਵਿੱਚ ਸੜਕ ਬੰਦ ਕਰ ਦਿੱਤੀ ਗਈ। ਇੱਕ 10 ਸਾਲਾ ਲੜਕੀ ਦੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਤੋਂ ਬਾਅਦ ਐਮਰਜੰਸੀ ਰਨ ਰਾਹੀਂ ਟਰੌਮਾ ਸੈਂਟਰ ਲਿਜਾਇਆ ਗਿਆ।

ਗੱਡੀ ਚਲਾਉਣ ਵਾਲੇ 33 ਸਾਲਾ ਡਰਾਈਵਰ ਨੂੰ ਕੋਈ ਸੱਟ ਨਹੀਂ ਲੱਗੀ ਤੇ ਉਹ ਮੌਕੇ ਉੱਤੇ ਹੀ ਰਿਹਾ। ਚਸ਼ਮਦੀਦਾਂ ਜਾਂ ਜਿਨ੍ਹਾਂ ਕੋਲ ਡੈਸ਼ਕੈਮ ਫੁਟੇਜ ਹੈ ਉਨ੍ਹਾਂ ਨੂੰ ਸਾਹਮਣੇ ਆ ਕੇ ਜਾਣਕਾਰੀ ਮੁਹੱਈਆ ਕਰਵਾਉਣ ਲਈ ਆਖਿਆ ਜਾ ਰਿਹਾ ਹੈ।

UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

➡ Forklift Training
Forklift $79 Recertification



Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



# Great Invetsment Opportunity

## In The Region of Timminis,ON

### 8 ACRE OF lAND CAN BE SEVERD IN TWO LOTS OF 4 ACRE

### Apartment Building For Sale:

4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative
Sutton Group-Realty Experts
Brokerage*

Jagdish Grewal
Sales Repersentative
Century 21 President Realty Inc.
Brokerage*



## ਅੱਜ ਨਾਮਾ >>

ਖੁੱਲ੍ਹਾ ਬਰਾੜ ਜਗਮੀਤ ਦਾ ਲਗਨ ਲੱਗਦਾ,
ਅਕਾਲੀ ਪਾਰਟੀ ਦੀ ਮਿਲੀ ਟਿਕਟ ਮੀਆਂ।
ਚੜ੍ਹਿਆ ਪਾਰਾ ਮਲੂਕੇ ਦਾ ਬਹੁਤ ਸੁਣਿਆ,
ਬਚਾਉਣੀ ਪਊ ਬਰਾੜ ਨੂੰ ਵਿਕਟ ਮੀਆਂ।
ਜਿਊਣੇ ਮੌੜ ਦੀ ਚਰਚਿਤ ਇਹ ਮੌੜ ਮੰਡੀ,
ਲਾਉਣੀ ਜਿੱਥੇ ਜਗਮੀਤ ਆ ਪਿਕਟ ਮੀਆਂ।
ਦੌੜੇ ਆਉਣਾ ਨਹੀਂ ਪਹਿਲੜੇ ਬੇਲੀਆਂ ਨੇ,
ਨਵਿਆਂ ਛੇਤੀ ਨਾ ਆਵਣਾ ਨਿਕਟ ਮੀਆਂ।
ਲੱਗਣੀ ਵਾਹ ਪਹਾੜਾਂ ਵੱਲ ਚੜ੍ਹਨ ਵਰਗੀ,
ਚੜ੍ਹਿਆ ਵੋਟਾਂ ਦਾ ਪਿਆ ਈ ਭਾਅ ਮੀਆਂ।
ਜਿਹੜੇ ਵੋਟਾਂ ਦੀ ਆੜ੍ਹਤ ਚਲਾਉਣ ਵਾਲੇ,
ਉਹ ਵੀ ਦੇਂਦੇ ਆ ਮੁੱਛਾਂ ਨੂੰ ਤਾਅ ਮੀਆਂ।

**ਤੀਸ ਮਾਰ ਖਾਂ**

# ਭਗਵੰਤ ਮਾਨ ਨੂੰ ਮੁੱਖ ਮੰਤਰੀ ਚਿਹਰਾ ਐਲਾਨੇ ਜਾਣ ਦੀ ਮੰਗ ਵਰਕਰਾਂ ਵੱਲੋਂ ਵੀ ਉੱਠਣੀ ਸ਼ੁਰੂ

ਬਰਨਾਲਾ, 1 ਸਤੰਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਵਿਧਾਨ ਸਭਾ 2022 ਦੀਆਂ ਚੋਣਾਂ ਬਾਰੇਸਿਆਸੀ ਧਿਰਾਂ ਦੀਆਂ ਦੀ ਸਰਗਰਮੀਆਂ ਜਦੋਂਤੇਜ਼ ਹਨ, ਓਦੋਂ ਆਮ ਆਦਮੀ ਪਾਰਟੀ ਵਿੱਚ ਮੁੱਖ ਮੰਤਰੀ ਦਾ ਚਿਹਰਾਹੀਮੁੱਦਾ ਬਣਿਆ ਪਿਆ ਹੈ।ਬਰਨਾਲਾ ਜ਼ਿਲੇ ਦੇ ਤਿੰਨੇ ਅਸੈਂਬਲੀ ਹਲਕਿਆਂ ਬਰਨਾਲਾ, ਮਹਿਲ ਕਲਾਂ ਅਤੇ ਭਦੌੜ ਦੇ ਵਲੰਟੀਅਰਾਂ ਦੀ ਅੱਜ ਹੋਈ ਬੈਠਕ ਵਿੱਚ ਸਾਰੇ ਵਲੰਟੀਅਰਾਂਨੇ ਸਾਂਝੇ ਤੌਰ ਉੱਤੇ ਪਾਰਟੀ ਦੇ ਪੰਜਾਬ ਦੇ

*** ਬਰਨਾਲੇ ਦੇ ਵਰਕਰਾਂ ਵੱਲੋਂ ਮੰਗ ਨਾਲ ਪਾਰਟੀ ਲੀਡਰਸ਼ਿਪ ਨੂੰ ਚਿਤਾਵਨੀ**

ਪ੍ਰਧਾਨ ਅਤੇ ਸੰਗਰੂਰ ਹਲਕੇ ਤੋਂ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੂੰ ਮੁੱਖ ਮੰਤਰੀਲਈ ਚਿਹਰਾ ਬਣਾਉਣ ਵਾਸਤੇ ਹਾਈ ਕਮਾਂਡ ਤੋਂ ਮੰਗ ਕੀਤੀ ਹੈ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇਵਲੰਟੀਅਰਾਂ ਵੱਲੋਂਪਹਿਲੀ ਵਾਰ ਕੀਤੀ ਏਦਾਂ ਦੀ ਮੀਟਿੰਗ



ਵਿੱਚਭਗਵੰਤ ਮਾਨ ਤੋਂ ਬਿਨਾਂ ਕਿਸੇ ਵੀ ਹੋਰ ਚਿਹਰੇ ਨੂੰ ਮੁੱਖ ਮੰਤਰੀ ਦਾ ਚਿਹਰਾ ਨਾ ਮੰਨਣ ਲਈ ਪਾਰਟੀ ਹਾਈ ਕਮਾਂਡ ਨੂੰ ਚੇਤਾਵਨੀਵੀ ਦੇ ਦਿੱਤੀ ਗਈ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਦੇ ਸੀਨੀਅਰ ਆਗੂਆਂ ਬਲਜੀਤ ਸਿੰਘ ਬਡਬੜ, ਦਵਿੰਦਰ ਸਿੰਘ ਬਦੇਸ਼ਾ, ਜੋਤ ਵੜਿੰਗ, ਅਮਰੀਸ਼ ਭੋਤਨਾ ਨੇ ਕਿਹਾ ਕਿ ਅਸੈਂਬਲੀ ਚੋਣਾਂ ਸਿਰ ਉੱਤੇ ਹਨ, ਪਰ ਪਾਰਟੀਅਜੇ ਮੁੱਖ ਮੰਤਰੀ ਦਾ ਚਿਹਰਾ ਨਹੀਂ ਦੱਸਦੀ। ਪਹਿਲਾਂ 2017 ਚੋਣਾਂ ਵਿੱਚ ਵੀ ਪਾਰਟੀ ਦੀ ਹਾਰ ਦਾ ਵੱਡਾ ਕਾਰਨ ਮੁੱਖ ਮੰਤਰੀ ਵਾਸਤੇ ਕੋਈ ਚਿਹਰਾ ਨਾ ਐਲਾਨਣਾ ਸੀਤੇ ਅੱਜ ਵੀ ਜਦੋਂ ਵਰਕਰ ਪਾਰਟੀ ਦਾ ਪ੍ਰਚਾਰ ਕਰਦੇ ਘਰ-ਘਰ ਜਾ ਰਹੇ ਹਨ ਤਾਂ ਲੋਕਾਂਦਾ ਇੱਕੋ ਸਵਾਲ ਹੁੰਦਾ ਹੈ ਕਿ ਪਾਰਟੀ ਦਾ ਮੁੱਖ ਮੰਤਰੀ ਲਈ ਚਿਹਰਾ ਕੌਣ ਹੋਵੇਗਾ।

ਅੱਜ ਦੀ ਮੀਟਿੰਗ ਵਿੱਚ ਤਿੰਨੇ ਵਿਧਾਨ ਸਭਾ ਹਲਕਿਆਂ ਦੇ ਵਲੰਟੀਅਰਾਂਨੇ ਮੁੱਖ ਮੰਤਰੀ ਦਾ ਚਿਹਰਾ ਭਗਵੰਤ ਮਾਨ ਨੂੰ ਬਣਾਉਣ ਲਈ ਪਾਰਟੀ ਹਾਈ ਕਮਾਨ ਅਤੇ ਕਨਵੀਨਰ ਅਰਵਿੰਦ ਕੇਜਰੀਵਾਲ ਤੋਂ ਮੰਗ ਕੀਤੀ ਤੇ ਕਿਹਾ ਕਿ ਜੇ ਪਾਰਟੀ ਭਗਵੰਤ ਮਾਨ ਤੋਂ ਬਿਨਾ ਕਿਸੇ ਹੋਰ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਵੇਗੀ ਤਾਂ ਉਹਮੰਨਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਾਰਟੀ ਦਾ ਸਾਰਾ ਵਜੂਦ ਭਗਵੰਤ ਮਾਨ ਦੇ ਕਾਰਨ ਹੈ ਅਤੇ ਲੋਕਾਂ ਨੂੰ ਜਗਾਉਣ ਵਿੱਚ ਭਗਵੰਤ ਮਾਨ ਦਾ ਮੁੱਖ ਰੋਲ ਰਿਹਾ ਹੈ, ਜਿਸ ਕਰਕੇ ਪਾਰਟੀ ਹਾਈ ਕਮਾਂਡ ਨੂੰ ਵਲੰਟੀਅਰਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖ ਕੇ ਜਲਦੀ ਤੋਂ ਜਲਦੀ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨ ਕਰ ਦੇਣਾ ਚਾਹੀਦਾ ਹੈ।

# ਸੁਖਬੀਰ ਨੇ ਮਲੂਕੇ ਨੂੰ ਨਜ਼ਰ ਅੰਦਾਜ਼ ਕਰ ਕੇ ਮੌੜ ਤੋਂ ਜਗਮੀਤ ਬਰਾੜ ਨੂੰ ਟਿਕਟ ਦਿੱਤੀ

ਚੰਡੀਗੜ੍ਹ, 1 ਸਤੰਬਰ, (ਪੋਸਟ ਬਿਊਰੋ)- ਅਕਾਲੀ ਦਲ ਨੇ ਅਸੈਂਬਲੀ ਚੋਣਾਂਲਈ 6 ਹੋਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦੇ ਅਨੁਸਾਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਗਮੀਤ ਸਿੰਘ ਬਰਾੜ ਨੂੰ ਹਲਕਾ ਮੌੜ, ਜੀਤ ਮਹਿੰਦਰ ਸਿੰਘ ਸਿੱਧੂ ਨੂੰ ਤਲਵੰਡੀ ਸਾਬੋ, ਸੂਬਾ ਸਿੰਘ ਬਾਦਲ ਨੂੰ ਜੈਤੋ, ਮਨਤਾਰ ਸਿੰਘ ਬਰਾੜ ਨੂੰ ਕੋਟਕਪੂਰਾ, ਕੰਵਲਜੀਤ ਸਿੰਘ (ਰੋਜ਼ੀ ਬਰਕੰਦੀ) ਨੂੰ ਸ੍ਰੀ ਮੁਕਤਸਰ ਸਾਹਿਬ ਤੇ ਪਰਮਬੰਸ ਸਿੰਘ (ਬੰਟੀ ਰੋਮਾਣਾ) ਨੂੰ ਹਲਕਾ ਫ਼ਰੀਦਕੋਟ ਤੋਂ ਉਮੀਦਵਾਰ ਐਲਾਨ ਕਰ ਦਿੱਤਾ ਹੈ।

ਅੱਜ ਕੀਤੇ ਸੁਖਬੀਰ ਸਿੰਘ ਬਾਦਲ ਦੇ ਐਲਾਨ ਨਾਲ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਝਟਕਾ ਲੱਗਾ ਹੈ।ਸਿਕੰਦਰ ਸਿੰਘ ਮਲੂਕਾ ਹਲਕਾ ਮੌੜ ਤੋਂ ਚੋਣ ਲੜਨ ਦੇ ਚਾਹਵਾਨ ਸਨਤੇ ਪਿਛਲੇ ਕਈ ਦਿਨਾਂ ਤੋਂ ਇਸ ਹਲਕੇ ਤੋਂ ਟਿਕਟ ਮੰਗ ਰਹੇ ਸਨ।ਪਾਰਟੀ ਨੇ ਮਲੂਕਾ ਨੂੰ ਰਾਮਪੁਰਾ ਫੂਲ ਵਾਲੇ ਉਨ੍ਹਾਂ ਦੇ ਪੁਰਾਣੇ ਹਲਕੇ ਤੋਂ ਉਮੀਦਵਾਰ ਐਲਾਨਿਆ ਸੀ, ਪਰ ਉਨ੍ਹਾਂ ਨੇ ਓਥੋਂ ਚੋਣ ਲੜਨ ਤੋਂ ਨਾਂਹ ਕਰਕੇ ਕਿਹਾ ਕਿ ਓਥੋਂ ਉਨ੍ਹਾਂ ਦਾ



ਪੁੱਤਰਚੋਣ ਲੜੇਗਾ, ਖੁਦ ਉਨ੍ਹਾਂ ਨੂੰ ਮੌੜ ਤੋਂ ਟਿਕਟ ਦਿੱਤੀ ਜਾਵੇ। ਅਕਾਲੀ ਦਲ ਨੇ ਉਨਾਂ ਦੇ ਪਰਿਵਾਰ ਲਈ ਦੋ ਟਿਕਟਾਂ ਦੇਣ ਤੋਂ ਨਾਂਹ ਕਰ ਕੇ ਮੌੜ ਤੋਂ ਜਗਮੀਤ ਸਿੰਘ ਬਰਾੜ ਨੂੰ ਉਮੀਦਵਾਰ ਬਣਾ ਲਿਆ ਹੈ।ਇਸ ਬਾਰੇਸਿਕੰਦਰ ਸਿੰਘ ਮਲੂਕਾਨੇ ਕਿਹਾ ਹੈ ਕਿ ਉਹ ਪਾਰਟੀ ਪ੍ਰਧਾਨ ਦੇ ਕਹੇਉੱਤੇ ਹੀ ਪਿਛਲੇ ਸਾਲ ਤੋਂ ਮੌੜ ਹਲਕੇ ਵਿੱਚ ਕੰਮ ਕਰ ਰਹੇ ਸਨ, ਪਰ ਜਗਮੀਤ ਸਿੰਘ ਬਰਾੜ ਨੂੰ ਐਡਜਸਟ ਕਰਨ ਲਈ ਉਥੋਂ ਟਿਕਟਦੇ ਦਿੱਤੀ ਹੈ ਤਾਂ ਪਾਰਟੀ ਦੀ ਮਜ਼ਬੂਰੀ ਹੋਵੇਗੀ।ਉਨ੍ਹਾਂ ਨੇ ਕਿਹਾ ਕਿ ਰਾਮਪੁਰਾ ਫੂਲ ਤੋਂ ਮੇਰਾ ਪੁੱਤਰ ਗੁਰਪ੍ਰੀਤ ਸਿੰਘ ਮਲੂਕਾ ਹੀ ਚੋਣ ਲੜੇਗਾ, ਅਸੀਂ ਬਹੁਤ ਚੋਣਾਂ ਲੜੀਆਂ ਹਨ, ਅੱਗੋਂ ਨੌਜਵਾਨਾਂ ਦਾ ਸਮਾਂ ਹੈ।

ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਟਵੀਟ ਕਰਕੇ ਦੱਸਿਆ ਕਿ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ 6 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਹੈ, ਜਿਨ੍ਹਾਂ ਵਿੱਚ ਮੌੜ ਮੰਡੀ ਹਲਕੇ ਤੋਂ ਜਗਮੀਤ ਸਿੰਘ ਬਰਾੜ, ਤਲਵੰਡੀ ਸਾਬੋ ਤੋਂ ਜੀਤਮਹਿੰਦਰ ਸਿੰਘ ਸਿੱਧੂ, ਜੈਤੋ ਤੋਂ ਸੂਬਾ ਸਿੰਘ, ਕੋਟਕਪੂਰਾ ਤੋਂ ਮਨਤਾਰ ਸਿੰਘ ਬਰਾੜ,ਮੁਕਤਸਰ ਸਾਹਿਬ ਤੋਂ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਤੇ ਫ਼ਰੀਦਕੋਟ ਤੋਂ ਪਰਮਬੰਸ ਸਿੰਘ ਰੋਮਾਣਾ ਵਿਧਾਨ ਸਭਾ ਚੋਣਾਂ ਦੇ ਲਈ ਅਕਾਲੀ-ਬਸਪਾ ਗੱਠਜੋੜ ਦੇ ਉਮੀਦਵਾਰ ਹੋਣਗੇ।

# ਭਾਜਪਾ ਤੋਂ ਲਾਂਭੇ ਨਵੇਂ ਗੱਠਜੋੜ ਲਈ ਨਿਤੀਸ਼ ਕੁਮਾਰ ਵੱਲੋਂ ਸਰਗਰਮੀ ਤੇਜ਼

***ਸੁਖਬੀਰ ਬਾਦਲ, ਵੱਡਾ ਚੌਟਾਲਾ ਤੇ ਨਾਇਡੂ ਨਾਲ ਸਾਂਝ ਪੈਣ ਲੱਗੀ**

ਨਵੀਂ ਦਿੱਲੀ, 1 ਸਤੰਬਰ, (ਪੋਸਟ ਬਿਊਰੋ)- ਪਿਛਲੇ ਕੁਝ ਮਹੀਨਿਆਂ ਵਿੱਚ ਨਿਤੀਸ਼ ਕੁਮਾਰ ਨੇ ਆਪਣੀ ਸਹਿਯੋਗੀ ਧਿਰ ਭਾਜਪਾ ਨਾਲ ਪੈਗਾਸਸ ਜਾਸੂਸੀ ਕੇਸ, ਆਬਾਦੀ ਕੰਟਰੋਲ ਕਾਨੂੰਨ ਅਤੇ ਜਾਤ ਆਧਾਰਤ ਜਨਗਣਨਾ ਆਦਿ ਮੁੱਦਿਆਂਉੱਤੇ ਵੱਖਰਾ ਪੈਂਤੜਾ ਲੈਣਾ ਸ਼ੁਰੂ ਕਰ ਰੱਖਿਆ ਹੈ। ਦੋ ਦਿਨ ਪਹਿਲਾਂਉਨ੍ਹਾਂ ਦੀ ਪਾਰਟੀ ਜਨਤਾ ਦਲ ਯੂ ਦੀ ਨੈਸ਼ਨਲ ਕੌਂਸਲ ਦੀ ਬੈਠਕ ਵਿੱਚ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਯੋਗਉਮੀਦਵਾਰ ਕਿਹਾ ਗਿਆ ਸੀ। ਇਸ ਤੋਂ ਚਰਚਾ ਚੱਲ ਪਈ ਹੈ ਕਿ ਉਹ ਭਾਜਪਾ ਤੇ ਕਾਂਗਰਸ ਤੋਂ ਲਾਂਭੇ ਇੱਕ ਰਾਜਨੀਤਕ ਫਰੰਟ ਬਣਾਉਣ ਦੀ ਤਿਆਰੀ ਵਿੱਚ ਹਨ।

ਇਸ ਦੌਰਾਨ ਸਤੰਬਰ ਵਿੱਚਰੱਖੀ ਜਾ ਰਹੀ ਇੱਕ ਰਾਜਨੀਤਕ ਰੈਲੀ ਨਾਲ ਵੀ ਸਵਾਲਉੱਭਰ ਪਿਆ ਹੈ।ਭਾਰਤ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਤੇ ਇੰਡੀਅਨ ਨੈਸ਼ਨਲ ਲੋਕ ਦਲ ਦੇ ਮੋਢੀ ਚੌਧਰੀ ਦੇਵੀ ਲਾਲ ਦੇ 107ਵੀਂ ਜਨਮ ਦਿਨ ਮੌਕੇ 25 ਸਤੰਬਰ ਨੂੰ ਇੱਕ ਰੈਲੀ ਕਰਨ ਦੀ ਯੋਜਨਾ ਬਣਾਈ ਗਈ ਹੈ।ਜਾਣਕਾਰਾਂ ਅਨੁਸਾਰ ਉਸ ਦਿਨ ਹਰਿਆਣਾ ਦੇ ਜੀਂਦ ਵਿੱਚ ਇਹ ਰੈਲੀ ਨਵੇਂ ਸਿਆਸੀ ਮੋਰਚੇ ਦਾ ਮੁੱਢ ਬਣ ਸਕਦੀ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਰੈਲੀ ਵਿੱਚ ਕਿਹੜੇ ਨੇਤਾਵਾਂ ਦੇ ਸ਼ਾਮਲ ਹੋਣ ਦੀ ਆਸ ਹੈ।ਪਤਾ ਲੱਗਾ ਹੈ ਕਿ ਜਿਨ੍ਹਾਂ ਆਗੂਆਂ ਨੇ ਅਜੇ ਤੱਕ ਰੈਲੀ ਵਿੱਚ ਆਉਣ ਦੀ ਸਹਿਮਤੀ ਦਿੱਤੀ ਹੈ, ਉਨ੍ਹਾਂ ਵਿੱਚ ਚੌਧਰੀ ਦੇਵੀ ਲਾਲ ਦੇ ਪੁੱਤਰ ਅਤੇ ਹਰਿਆਣਾ ਦੇ ਸਾਬਕਾ ਮੁੱਖਮੰਤਰੀ ਓਮ ਪ੍ਰਕਾਸ਼ ਚੌਟਾਲਾ ਤੋਂ ਬਿਨਾ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਤੇਲਗੂ ਦੇਸਮ ਦੇ ਪ੍ਰਧਾਨ ਤੇ ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਸ਼ਾਮਲ ਹਨ।



ਪਿਛਲੇ ਮਹੀਨੇ ਦਿੱਲੀ ਵਿੱਚ ਹੋਈ ਜਨਤਾ ਦਲ ਯੂ ਦੀ ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਆਏ ਨਿਤੀਸ਼ ਕੁਮਾਰ ਨੇ ਆਪਣੀ ਪਾਰਟੀ ਦੇ ਜਨਰਲ ਸੈਕਟਰੀ ਕੇਸੀ ਤਿਆਗੀ ਦੇ ਨਾਲ ਓਮ ਪ੍ਰਕਾਸ਼ ਚੌਟਾਲਾ ਦੇ ਘਰ ਜਾ ਕੇ ਉਸ ਨਾਲ ਬੈਠਕ ਕੀਤੀ ਸੀ। ਦਿਲਚਸਪ ਗੱਲ ਇਹ ਹੈ ਕਿ ਜਿਨ੍ਹਾਂ ਲੀਡਰਾਂਵੱਲੋਂਅੱਜ ਤੱਕ ਇਸ ਰੈਲੀ ਵਿੱਚ ਸ਼ਾਮਲ ਹੋਣ ਦੀ ਪੁਸ਼ਟੀ ਹੋਈ ਹੈ, ਉਨ੍ਹਾਂ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ ਦੇ ਨੇਤਾ ਪੁਰਾਣੀ ਜਨਤਾ ਪਾਰਟੀ ਤੋਂ ਨਿਕਲੇ ਹੋਏ ਹਨ।ਜੇ ਇਹ ਰੈਲੀ ਹੋ ਜਾਂਦੀ ਹੈ ਤਾਂ ਇਹ ਰਾਜਨੀਤਿਕ ਭੁਚਾਲ ਵੀ ਲਿਆ ਸਕਦੀ ਹੈ।

# ਮਜੀਠੀਆ ਕਹਿੰਦੈ: ਭਾਜਪਾ ਦੇ ਇਸ਼ਾਰੇ ਉੱਤੇ ਅਕਾਲੀ ਪ੍ਰੋਗਰਾਮਾਂ ਵਿੱਚ ਕਾਂਗਰਸ ਵੱਲੋਂ ਵਿਘਨ ਪਵਾਇਆ ਜਾਂਦੈ

ਬਟਾਲਾ, 1 ਸਤੰਬਰ, (ਪੋਸਟ ਬਿਊਰੋ)- ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਕਹਿਣਾ ਹੈ ਕਿ ਅਕਾਲੀ ਦਲ ਤੇ ਕਿਸਾਨਾਂ ਦਾ ਨਹੁੰ-ਮਾਸ ਦਾ ਰਿਸ਼ਤਾ ਹੈ, ਪਰ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਹੋਏ ਇਸ਼ਾਰੇ ਉੱਤੇਪੰਜਾਬ ਦੀ ਕਾਂਗਰਸ ਸਰਕਾਰਜਾਣਬੁਝ ਕੇ ਅਕਾਲੀ ਦਲ ਦੇ ਪ੍ਰੋਗਰਾਮਾਂ ਵਿੱਚ ਵਿਘਨ ਪਵਾ ਰਹੀ ਹੈ। ਇਹ ਗੱਲ ਉਨ੍ਹਾਂ ਨੇ ਅੱਜ ਕਸਬਾ ਘੁਮਾਣ ਦੇ ਪਿੰਡ ਕਿਸ਼ਨਕੋਟ ਵਿਖੇ ਸੀਨੀਅਰ ਅਕਾਲੀ ਆਗੂ ਸਰਦੂਲ ਸਿੰਘ ਚੀਮਾ ਦੇ ਘਰ ਪਾਰਟੀ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਸਦਾ ਕਿਸਾਨਾਂ ਦੀ ਆਵਾਜ਼ ਚੁੱਕੀ ਹੈ ਤੇ ਅੱਜ ਵੀ ਕਿਸਾਨਾਂ ਦਾ ਹਰ ਕਦਮ ਉੱਤੇ ਮੋਢੇ ਨਾਲ ਮੋਢਾ ਜੋੜ ਕੇ ਸਾਥਦੇ ਰਿਹਾ ਹੈ। ਇਸ ਮੌਕੇ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਇੱਕ ਦਿਨ ਪਹਿਲਾਂ ਬਟਾਲਾ ਵਿੱਚਕਾਂਗਰਸ ਦੇ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾਨੇ ਪ੍ਰੋਗਰਾਮ ਕੀਤੇ ਤਾਂ ਉਸਦਾ ਕਿਸਾਨਾਂ ਨੇ ਵਿਰੋਧ ਨਹੀਂ ਕੀਤਾ, ਜਦਕਿ ਕਾਲੇ ਕਾਨੂੰਨਾਂ ਨੂੰ ਪਾਸ ਕਰਨ ਵੇਲੇ ਕਾਂਗਰਸ ਪਾਰਟੀਨੇ ਭਾਜਪਾ ਸਰਕਾਰ ਦਾ ਪੂਰਾ ਸਾਥ ਦਿੱਤਾ ਸੀ।ਉਨ੍ਹਾਂ ਕਿਹਾ ਕਿ ਕਾਂਗਰਸ ਵੀ ਭਾਜਪਾ ਸਰਕਾਰ ਨਾਲ ਮਿਲੀ ਹੋਈ ਹੈ ਅਤੇ ਭਾਜਪਾ ਦੇ ਇਸ਼ਾਰੇ ਉੱਤੇ ਅਕਾਲੀ ਦਲ ਨੂੰ ਬਦਨਾਮ ਕਰਨ ਲਈ ਕਾਂਗਰਸ ਇਹ ਸਭ ਕਰਵਾ ਰਹੀ ਹੈ।

# ਅਫਗਾਨਿਸਤਾਨ ਤੋਂ ਅਪਮਾਨਜਨਕ ਵਾਪਸੀ ਕਾਰਨ ਅਮਰੀਕਾ ਵਿੱਚ ਸਿਆਸੀ ਭੇੜ ਛਿੜ ਗਿਆ

*** ਬਾਇਡੇਨ ਵੱਲੋਂ ਟਰੰਪ ਦੇ ਖਿਲਾਫ ਜਵਾਬੀ ਮਿਹਣੇਬਾਜ਼ੀ * ਪੁਤਿਨ ਨੇ ਅਮਰੀਕਾ ਨੂੰ ਅਫ਼ਗਾਨਿਸਤਾਨ ਤੋਂ ਖਾਲੀ ਹੱਥ ਮੁੜਿਆ ਕਿਹਾ**



ਵਾਸ਼ਿੰਗਟਨ, 1 ਸਤੰਬਰ, (ਪੋਸਟ ਬਿਊਰੋ)-ਅਫਗਾਨਿਸਤਾਨ ਤੋਂ ਅਮਰੀਕਾ ਦੀ ਅਪਮਾਨਜਨਕ ਵਾਪਸੀ ਬਾਰੇਮੌਜੂਦਾ ਰਾਸ਼ਟਰਪਤੀ ਜੋ ਬਾਇਡੇਨ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਜ਼ਿਮੇਵਾਰ ਕਿਹਾ ਹੈ।

ਮੌਜੂਦਾ ਰਾਸ਼ਟਰਪਤੀ ਜੋ ਬਾਈਡੇਨ ਨੇ ਇਹ ਦੋਸ਼ ਲਾਇਆ ਕਿ ਡੋਨਾਲਡ ਟਰੰਪ ਨੇ ਤਾਲਿਬਾਨ ਨਾਲ ਸਮਝੌਤੇ ਹੇਠ ਪਿਛਲੇ ਸਾਲ 5000 ਖਤਰਨਾਕ ਅੱਤਵਾਦੀ ਜੇਲ ਤੋਂ ਛੱਡੇ ਸਨ, ਉਹ ਹੀ ਅੱਜ ਅਫਗਾਨਿਸਤਾਨ ਦੀ ਸੱਤਾ ਸੰਭਾਲੀ ਬੈਠੇ ਹਨ। ਉਨ੍ਹਾਂ ਕਿਹਾ ਕਿ ਜਦੋਂ ਮੈਂ ਸੱਤਾ ਸੰਭਾਲੀ, ਓਦੋਂ ਤਾਲਿਬਾਨ 2001 ਤੋਂ ਬਾਅਦ ਆਪਣੀ ਸਭ ਤੋਂ ਵਧੀਆ ਪੋਜ਼ੀਸ਼ਨ ਵਿਚ ਸਨ ਤੇ ਲਗਭਗ ਅੱਧੇ ਦੇਸ਼ ਨੂੰ ਕੰਟਰੋਲ ਕਰ ਰਹੇ ਸਨ। 20 ਸਾਲ ਬਾਅਦ ਅਫਗਾਨਿਸਤਾਨ ਤੋਂ ਅਮਰੀਕੀ ਫੌਜ ਦੀ ਅਪਮਾਨ ਜਨਕ ਵਾਪਸੀ ਦਾ ਬਚਾਅ ਕਰਦੇ ਹੋਏ ਬਾਈਡੇਨ ਨੇ ਇਸਨੂੰ ਸਭ ਤੋਂ ਚੰਗਾ ਫੈਸਲਾ ਕਿਹਾ ਹੈ।

ਵ੍ਹਾਈਟ ਹਾਊਸ ਤੋਂ ਦੇਸ਼ ਨੂੰ ਸੰਬੋਧਨ ਕਰਦੇ ਹੋਏ ਬਾਈਡੇਨ ਨੇ ਕਿਹਾ ਕਿ ਅਜਿਹੀ ਜੰਗ ਲੜਨ ਦਾ ਕੋਈ ਕਾਰਨ ਨਹੀਂ, ਜੋ ਅਮਰੀਕੀ ਲੋਕਾਂ ਦੇ ਵੱਡੇ ਹਿੱਤ ਵਿਚ ਨਾ ਹੋਵੇ।ਉਨ੍ਹਾਂ ਦੇਸ਼ ਦੇ ਨਾਂ ਸੰਬੋਧਨ ਓਦੋਂ ਕੀਤਾ ਹੈ, ਜਦੋਂ 11 ਸਤੰਬਰ 2001 ਦੇ ਅੱਤਵਾਦੀ ਹਮਲੇ ਦੀ 20ਵੀਂ ਬਰਸੀ ਵਿਚ 11 ਦਿਨ ਬਾਕੀ ਹਨ। ਇਸੇ ਅੱਤਵਾਦੀ ਹਮਲੇ ਕਾਰਨ ਅਮਰੀਕਾ ਨੇ ਅਫਗਾਨਿਸਤਾਨ ਵਿਚ ਜੰਗ ਸ਼ੁਰੂ ਕੀਤੀ ਸੀ। ਬਾਈਡੇਨ ਨੇ ਕਿਹਾ ਕਿ ਅਫਗਾਨਿਸਤਾਨ ਵਿਚ ਸਾਡੇ ਸਾਹਮਣੇ ਲੜਾਈ ਛੱਡਣ ਜਾਂ ਉਸਨੂੰ ਵਧਾਉਣ ਦਾਬਦਲ ਸੀ, ਮੈਂ ਇਸ ਜੰਗ ਨੂੰ ਹਮੇਸ਼ਾ ਲਈ ਵਧਾਉਣਾ ਨਹੀਂ ਚਾਹੁੰਦਾ ਸੀ।ਬਾਈਡੇਨ ਨੇ ਆਪਣੇ ਸਵਰਗੀ ਬੇਟੇ ਨੂੰ ਯਾਦ ਕੀਤਾ ਜੋ ਕਦੇ ਈਰਾਕ ਵਿਚ ਤਾਇਨਾਤ ਰਹਿ ਚੁੱਕਾ ਸੀ ਅਤੇ ਕਿਹਾ; ਸ਼ਾਇਦ ਮੈਂ ਆਪਣੇ ਮਰਹੂਮ ਬੇਟੇ ਬਿਊ ਬਾਈਡੇਨ ਲਈ ਵੀ ਅਫਗਾਨ ਜੰਗ ਮੁਕਾਉਣ ਦਾ ਫੈਸਲਾ ਲਿਆ ਹੈ।46 ਸਾਲਾਬਿਊ ਬਾਈਡੇਨ ਨੇ ਪੂਰਾ ਇਕ ਸਾਲ ਈਰਾਕ ਵਿਚ ਸੇਵਾ ਕੀਤੀ ਅਤੇ 2015 ਵਿਚ ਬ੍ਰੇਨ ਕੈਂਸਰ ਨਾਲ ਉਸ ਦਾ ਦਿਹਾਂਤ ਹੋ ਗਿਆ ਸੀ।

ਇਸ ਦੌਰਾਨ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਅਫ਼ਗਾਨਿਸਤਾਨ ਵਿੱਚ ਅਮਰੀਕੀ ਫ਼ੌਜ ਦੀ 20 ਸਾਲ ਦੀ ਜੰਗ ਪਿੱਛੋਂ ਵਾਪਸੀਬਾਰੇ ਕਿਹਾ ਕਿ ਅਮਰੀਕਾ ਨੂੰ ਇਸ ਨਾਲ ਨੁਕਸਾਨ ਤੋਂ ਬਿਨਾਂ ਕੁਝ ਵੀ ਨਹੀਂ ਮਿਲ ਸਕਿਆ ਅਤੇ ਅਫ਼ਗਾਨਿਸਤਾਨ ਮਿਸ਼ਨ ਤ੍ਰਾਸਦੀ ਬਣ ਕੇ ਰਹਿ ਗਿਆ। ਉਨ੍ਹਾਂ ਕਿਹਾ ਕਿ ਕਿਸੇ ਦੇਸ਼ ਉੱਤੇ ਵਿਦੇਸ਼ੀ ਕਦਰਾਂ-ਕੀਮਤਾਂ ਨੂੰ ਥੋਪਣਾ ਅਸੰਭਵ ਹੈ। ਨੌਜਵਾਨਾਂ ਦੇ ਇਕ ਪ੍ਰੋਗਰਾਮ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਕਿ ਅਮਰੀਕਾ ਏਥੇ 20 ਸਾਲ ਰਿਹਾ, ਇਸ ਮੌਕੇ ਉਸ ਨੇ ਆਪਣੀ ਜੀਵਨ ਸ਼ੈਲੀ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਤੇ ਆਪਣੀਆਂ ਕਦਰਾਂ-ਕੀਮਤਾਂ ਥੋਪਣਲੱਗਾ ਰਿਹਾ, ਪਰ ਸਿੱਟਾ ਕੁਝ ਨਹੀਂ ਨਿਕਲਿਆ ਅਤੇ ਉਲਟਾ ਲੋਕਾਂ ਦਾ ਜਾਨ ਮਾਲ ਦਾ ਨੁਕਸਾਨ ਹੋਇਆ।

# ਏ ਟੀ ਐਮ ਨੂੰ ਅੱਗ ਲੱਗਣ ਨਾਲ ਪੌਣੇ 11 ਲੱਖ ਰੁਪਏ ਸਮੇਤ ਮਸ਼ੀਨ ਸੁਆਹ

ਸੈਲਾ ਖੁਰਦ, 1 ਸਤੰਬਰ (ਪੋਸਟ ਬਿਊਰੋ)- ਬੀਤੀ ਰਾਤ ਸੈਲਾ ਕਲਾਂ ਰੋਡ ਉੱਤੇ ਪੰਜਾਬ ਨੈਸ਼ਨਲ ਬੈਂਕ ਦੇ ਏ ਟੀ ਐਮ ਨੂੰ ਅੱਗ ਲੱਗਣ ਨਾਲ ਏ ਟੀ ਐਮ ਸਮੇਤ ਪੌਣੇ 11 ਲੱਖ ਰੁਪਏ ਕੈਸ਼ ਸੜ ਕੇ ਸੁਆਹ ਹੋ ਗਿਆ, ਪਰ ਪੁਲਸ ਦੀ ਚੌਕਸੀ ਨਾਲ ਬੈਂਕ ਬ੍ਰਾਂਚ ਦੀ ਇਮਾਰਤ ਦੇ ਅੰਦਰ ਅੱਗ ਨਾਲ ਵੱਡਾ ਨੁਕਸਾਨ ਹੋਣ ਤੋਂ ਬਚਾਅਹੋ ਗਿਆ।

ਮਿਲੀ ਜਾਣਕਾਰੀ ਅਨੁਸਾਰ ਰਾਤ ਕਰੀਬ 9.30 ਵਜੇ ਚੌਕੀਦਾਰ ਨੇ ਏ ਟੀ ਐਮ ਦੇ ਬੰਦ ਸ਼ਟਰ ਹੁੰਦੇ ਤੋਂ ਧੂੰਆਂ ਨਿਕਲਦਾ ਦੇਖਿਆ ਅਤੇ ਸ਼ਟਰ ਖੋਲ੍ਹਿਆ, ਓਥੇ ਬਿਜਲੀ ਦੀਆਂ ਤਾਰਾਂ ਵਿੱਚ ਸਪਾਰਕਿੰਗ ਨਾਲ ਅੱਗ ਲੱਗੀ ਹੋਈ ਅਤੇ ਧੂੰਆਂ ਨਿਕਲ ਰਿਹਾ ਸੀ। ਉਸ ਨੇ ਸੈਲਾ ਖੁਰਦ ਪੁਲਸ ਚੌਕੀ ਇੰਚਾਰਜ ਮਹਿੰਦਰ ਪਾਲ ਨੂੰ ਸੂਚਨਾ ਦਿੱਤੀ। ਅੱਗ ਦੇ ਭਿਆਨਕ ਰੂਪ ਨੂੰ ਦੇਖ ਕੇ ਚੌਕੀ ਇੰਚਾਰਜ ਨੇ ਪੇਪਰ ਮਿਲ ਤੋਂ ਫਾਇਰ ਬ੍ਰਿਗੇਡ ਬੁਲਵਾ ਲਈ ਤੇ ਬੈਂਕ ਦੀ ਇਮਾਰਤ ਵੀ ਖੁੱਲ੍ਹਵਾ ਦਿੱਤੀ, ਜਿਸਪਿੱਛੋਂ ਫਾਇਰ ਬ੍ਰਿਗੇਡ ਮੁਲਾਜ਼ਮਾਂ ਨੇ ਅੱਗ ਉੱਤੇ ਕਾਬੂ ਪਾ ਲਿਆ, ਪਰ ਉਦੋਂ ਤਕ ਏ ਟੀ ਐਮ ਰੂਮ ਸੜ ਕੇ ਸੁਆਹ ਹੋ ਗਿਆ ਅਤੇ ਏ ਟੀ ਐਮ ਸਮੇਤ 10 ਲੱਖ 73 ਹਜ਼ਾਰ 500 ਰੁਪਏ, ਦੋ ਏ ਸੀ ਅਤੇ ਗਲੋ ਸਾਈਨ ਬੋਰਡ ਸੜ ਗਏ।ਅੱਗ ਲੱਗਣ ਦਾ ਕਾਰਨ ਬਿਜਲੀ ਦਾ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkwy unit #45, Brampton, ON L6S 5T4 Email: grandupholsery@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

**Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.**

## ਓਨਟਾਰੀਓ ਨੇ ਵੈਕਸੀਨ ਪਾਸਪੋਰਟ ਸਿਸਟਮ ਦਾ ਕੀਤਾ ਖੁਲਾਸਾ

...ਪੰਨਾ 1 ਦਾ ਬਾਕੀ

ਕਰਵਾਉਣ ਦਾ ਫੈਸਲਾ ਜਾਇਜ਼ ਹੈ ਤੇ ਇਹ ਲੋਕਾਂ ਤੇ ਕਾਰੋਬਾਰੀਆਂ ਵੱਲੋਂ ਸਹੀ ਢੰਗ ਨਾਲ ਕੰਮ ਕਰਨ ਲਈ ਵੀ ਜ਼ਰੂਰੀ ਹੈ। ਯੋਗ ਲੋਕ ਉਹ ਹੋਣਗੇ ਜਿਨ੍ਹਾਂ ਨੇ ਕੋਵਿਡ-19 ਵੈਕਸੀਨ ਦੀਆਂ ਦੋ ਡੋਜ਼ਾਂ ਲਵਾਈਆਂ ਹੋਣਗੀਆਂ ਤੇ ਉਨ੍ਹਾਂ ਕੋਲ ਪ੍ਰੋਵਿੰਸ ਵੱਲੋਂ ਜਾਰੀ ਕੀਤਾ ਗਿਆ ਸਰਟੀਫਿਕੇਟ ਹੋਵੇਗਾ ਜਿਸ ਸਦਕਾ ਉਹ ਕੈਸੀਨੋਜ਼, ਬਿੰਗੋ ਹਾਲਜ਼, ਕੰਸਰਟ ਵੈਨਿਊਂ, ਥਿਏਟਰਜ਼, ਸਿਨੇਮਾਜ਼, ਸਪੋਰਟਸ ਫੈਸਿਲਿਟੀਜ਼ ਤੇ ਈਵੈਂਟਸ, ਬੈਂਕੁਏਟ ਹਾਲਜ਼, ਕਨਵੈਨਸ਼ਨ ਸੈਂਟਰਜ਼ ਜਾ ਸਕਣਗੇ ਤੇ ਇੰਡੋਰ ਖਾ ਪੀ ਸਕਣਗੇ।

ਅਧਿਕਾਰੀਆਂ ਨੇ ਦੱਸਿਆ ਕਿ ਰੀਟੇਲ ਸ਼ਾਪਿੰਗ, ਸੈਲੋਂ, ਬੈਂਕਜ਼, ਪੂਜਾ ਵਾਲੀਆਂ ਥਾਂਵਾਂ, ਅਸੈਂਸ਼ੀਅਲ ਸੇਵਾਵਾਂ, ਕੰਮ ਵਾਲੀਆਂ ਥਾਂਵਾਂ ਜਾਂ ਪੈਟੀਓਜ਼ ਤੇ ਹੋਰ ਆਊਟਡੋਰ ਥਾਂਵਾਂ ਲਈ ਨਹੀਂ ਹੋਵੇਗਾ। ਇਹ ਨਵਾਂ ਨਿਯਮ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ ਅਜਿਹੇ ਲੋਕਾਂ ਜਿਨ੍ਹਾਂ ਨੂੰ ਮੈਡੀਕਲ ਕਾਰਨਾਂ ਕਰਕੇ ਟੀਕਾ ਲਵਾਉਣ ਤੋਂ ਛੋਟ ਹੈ, ਉੱਤੇ ਲਾਗੂ ਨਹੀਂ ਹੋਵੇਗਾ।

## ਟਰੂਡੋ ਤੇ ਓਟੂਲ ਓਨਟਾਰੀਓ ਵਿੱਚ, ਜਗਮੀਤ ਸਿੰਘ ਕਿਊਬਿਕ ਵਿੱਚ ਕਰਨਗੇ ਚੋਣ ਪ੍ਰਚਾਰ

...ਪੰਨਾ 1 ਦਾ ਬਾਕੀ

ਇਸ ਹੋਟਲ ਨੂੰ ਉਹ ਆਪਣੀ ਕੈਂਪੇਨ ਲਈ ਮੁੱਖ ਬੇਸ ਵਜੋਂ ਵਰਤ ਰਹੇ ਹਨ। ਇਸ ਦੌਰਾਨ ਐਨਡੀਪੀ ਆਗੂ ਜਗਮੀਤ ਸਿੰਘ ਹਾਊਸਿੰਗ ਸਬੰਧੀ ਐਲਾਨ ਲਈ ਕਿਊਬਿਕ ਦੇ ਮਾਂਟਰੀਅਲ ਵਿੱਚ ਹਨ। ਉਹ ਸ਼ਾਮ ਸਮੇਂ ਵਰਚੂਅਲ ਟਾਊਨ ਹਾਲ ਵੀ ਕਰਨਗੇ।

ਮੰਗਲਵਾਰ ਨੂੰ ਅਰਥਚਾਰੇ ਦੇ ਨਾਲ ਨਾਲ ਸਾਰੇ ਆਗੂਆਂ ਵੱਲੋਂ ਮੁੱਖ ਤੌਰ ਉੱਤੇ ਕਿਫਾਇਤ ਦਾ ਮੁੱਦਾ ਉਠਾਉਣ ਦੀ ਸੰਭਾਵਨਾ ਹੈ। ਸਟੈਟੇਸਟਿਕ ਕੈਨੇਡਾ ਦੀ ਰਿਪੋਰਟ ਅਨੁਸਾਰ ਅਪਰੈਲ ਤੇ ਜੂਨ ਦਰਮਿਆਨ ਅਰਥਚਾਰਾ 1·1 ਫੀ ਸਦੀ ਸਾਲਾਨਾ ਦਰ ਦੇ ਹਿਸਾਬ ਨਾਲ ਸੁੰਗੜਿਆ ਹੈ ਤੇ ਇਸ ਤੋਂ ਇਲਾਵਾ ਜੁਲਾਈ ਵਿੱਚ ਕੁੱਲ ਘਰੇਲੂ ਉਤਪਾਦ (ਜੀਡੀਪੀ) ਵਿੱਚ ਵੀ ਗਿਰਾਵਟ ਦਰਜ ਕੀਤੀ ਗਈ ਹੈ।

## ਲਿਬਰਲਾਂ ਨੇ 2021 ਲਈ ਜਾਰੀ ਕੀਤਾ ਆਪਣਾ ਪਲੇਟਫਾਰਮ

...ਪੰਨਾ 1 ਦਾ ਬਾਕੀ

ਪਰਿਵਾਰਾਂ ਤੇ ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਅਤੇ ਮੁੜ ਆਪਣੇ ਪੈਰਾਂ ਉੱਤੇ ਖੜ੍ਹਾਂ ਹੋਣ ਦੀ ਕੋਸ਼ਿਸ਼ ਕਰਨ ਵਾਲੇ ਬਿਜ਼ਨਸਾਂ ਨੂੰ ਰਿਆਇਤਾਂ ਦੇਣ ਦਾ ਵਾਅਦਾ ਕੀਤਾ। ਟਰੂਡੋ ਨੇ ਆਖਿਆ ਕਿ ਇਨ੍ਹਾਂ ਚੋਣਾਂ ਵਿੱਚ ਤੁਹਾਡੇ ਕੋਲ ਇਹ ਤੈਅ ਕਰਨ ਦਾ ਮੌਕਾ ਹੋਵੇਗਾ ਕਿ ਤੁਹਾਡੇ ਅਗਲੇ 18 ਮਹੀਨੇ ਜਾਂ ਅਗਲੇ 18 ਸਾਲ ਕਿਹੋ ਜਿਹੇ ਹੋਣਗੇ। ਉਨ੍ਹਾਂ ਆਖਿਆ ਕਿ ਅਸੀਂ ਸਾਰਿਆਂ ਨੂੰ ਚੰਗੀ ਸਿਹਤ , ਕਿਫਾਇਤੀ ਘਰ, ਚਾਈਲਡਕੇਅਰ ਤੇ ਕਲਾਈਮੇਟ ਲਈ ਯੋਜਨਾ ਮੁਹੱਈਆ ਕਰਾਵਾਂਗੇ।

ਤਿੰਨ ਮੁੱਖ ਫੈਡਰਲ ਪਾਰਟੀਆਂ ਵਿੱਚ ਲਿਬਰਲ ਹੀ ਹਨ ਜਿਹੜੇ ਪਲੇਟਫਾਰਮ ਜਾਰੀ ਕਰਨ ਵਾਲੇ ਆਖਰੀ ਹਨ। ਇਹ ਪਲੇਟਫਾਰਮ ਟੀਵੀਏ ਵੱਲੋਂ ਫਰੈਂਚ ਵਿੱਚ ਹੋਣ ਵਾਲੀ ਆਗੂਆਂ ਦੀ ਪਹਿਲੀ ਬਹਿਸ ਤੋਂ ਇੱਕ ਦਿਨ ਪਹਿਲਾਂ ਜਾਰੀ ਕੀਤਾ ਗਿਆ ਹੈ। ਇਸ ਵਿੱਤੀ ਵਰ੍ਹੇ ਵਿੱਚ ਲਿਬਰਲਾਂ ਨੇ 13 ਬਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ ਹੈ ਤੇ ਅਗਲੇ ਪੰਜ ਸਾਲਾਂ ਵਿੱਚ 78 ਬਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ ਹੈ।

ਲਿਬਰਲਾਂ ਨੇ ਮਹਾਂਮਾਰੀ ਤੋਂ ਬਾਅਦ ਅਰਥਚਾਰੇ, ਹੈਲਥ ਰਿਕਵਰੀ ਲਈ ਹੋਰ ਖਰਚਾ ਕਰਨ ਦਾ ਤਹੱਈਆ ਪ੍ਰਗਟਾਇਆ ਹੈ। ਇਸ ਤੋਂ ਇਲਾਵਾ ਅਗਲੇ ਕੁੱਝ ਸਾਲਾਂ ਵਿੱਚ ਅਫਗਾਨਿਸਤਾਨ ਤੋਂ ਰਫਿਊਜੀਆਂ ਦੀ ਗਿਣਤੀ ਅਗਲੇ ਕੁੱਝ ਸਾਲਾਂ ਵਿੱਚ ਵਧਾਉਣ ਲਈ 350 ਮਿਲੀਅਨ ਡਾਲਰ ਖਰਚਣ ਦਾ ਕਰਾਰ ਵੀ ਕੀਤਾ ਹੈ। ਇਸ ਦੇ ਨਾਲ ਹੀ ਨਵੇਂ ਗੰਨ ਕੰਟਰੋਲ ਦੀ ਸੀਰੀਜ਼ ਨੂੰ ਲਾਗੂ ਕਰਨ ਲਈ ਵੀ ਕੰਮ ਕਰਨ ਦਾ ਵਾਅਦਾ ਕੀਤਾ ਗਿਆ ਹੈ।

ਇਹ ਪਲੇਟਫਾਰਮ ਛੇ ਮੁੱਖ ਵੰਨਗੀਆਂ ਵਿੱਚ ਵੰਡਿਆ ਗਿਆ ਹੈ ਮਹਾਂਮਾਰੀ, ਹਾਊਸਿੰਗ, ਹੈਲਥ ਕੇਅਰ, ਅਰਥਚਾਰਾ, ਕਲਾਈਮੇਟ ਚੇਂਜ ਤੇ ਸੁਲ੍ਹਾ। ਲਿਬਰਲਾਂ ਨੇ ਅਗਲੇ ਪੰਜ ਸਾਲਾਂ ਵਿੱਚ ਰੈਜ਼ੀਡੈਂਸ਼ੀਅਲ ਸਕੂਲਜ਼ ਦੇ ਮੁੱਦੇ ਨੂੰ ਸਾਂਭਣ ਲਈ ਸੱਚ, ਨਿਆਂ ਤੇ ਮਲ੍ਹਮ ਲਾਉਣ ਦੀਆ ਪਹਿਲਕਦਮੀਆਂ ਕਰਨ ਲਈ 2 ਬਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ। ਲਿਬਰਲਾਂ ਨੇ ਆਪਣੇ ਪਲੇਟਫਾਰਮ ਵਿੱਚ ਆਖਿਆ ਕਿ ਫੈਡਰਲ ਪੱਧਰ ਉੱਤੇ ਰੈਗੂਲੇਟ ਕੀਤੇ ਜਾਣ ਵਾਲੇ ਸੈਕਟਰ ਵਿੱਚ ਵਰਕਰਜ਼ ਲਈ ਪੰਜ ਦਿਨਾਂ ਦੀ ਪੇਡ ਲੀਵ ਦੀ ਵੀ ਪੇਸ਼ਕਸ਼ ਕੀਤੀ ਹੈ। ਲਿਬਰਲਾਂ ਨੇ ਇਹ ਵੀ ਆਖਿਆ ਕਿ ਉਹ ਘੱਟ ਤੋਂ ਘੱਟ ਟੈਕਸ ਰੂਲ ਵੀ ਲਿਆਉਣਾ ਚਾਹੁੰਦੇ ਹਾਂ।

## ਸਾਰਿਆਂ ਨੂੰ ਨਾਲ ਲੈ ਕੇ ਅੱਗੇ ਵਧਣਾ ਹੀ ਹੈ ਟੀਮ ਟਰੂਡੋ ਦਾ ਅਸਲੀ ਪਲੈਨ : ਰੂਬੀ ਸਹੋਤਾ

...ਪੰਨਾ 1 ਦਾ ਬਾਕੀ

ਹੁਣ ਉਹ ਜ਼ਿੰਦਗੀ ਨੂੰ ਪਹਿਲਾਂ ਵਾਂਗ ਲੀਹ ਉੱਤੇ ਲਿਆਉਣ ਲਈ ਟੀਕਾਕਰਣ ਵੀ ਕਰਵਾ ਰਹੇ ਹਨ। ਕੋਵਿਡ-19 ਮਹਾਂਮਾਰੀ ਨੂੰ ਖ਼ਤਮ ਕਰਨ ਲਈ ਕੈਨੇਡੀਅਨਜ਼ ਆਪਣੇ ਇਰਾਦੇ ਉੱਤੇ ਦ੍ਰਿੜ ਰਹੇ ਤੇ ਹੁਣ ਉਨ੍ਹਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ, ਮੱਧ ਵਰਗ ਦਾ ਵਿਕਾਸ ਕਰਨ ਤੇ ਭਵਿੱਖ ਦੇ ਨਿਰਮਾਣ ਦਾ ਸਮਾਂ ਆ ਗਿਆ ਹੈ।

ਸਾਰਿਆਂ ਨੂੰ ਅੱਗੇ ਲਿਜਾਣਾ ਹੀ ਲਿਬਰਲ ਪਾਰਟੀ ਦਾ ਪਲੈਨ ਹੈ ਤੇ ਸਿਰਫ ਸਾਡੀ ਪਾਰਟੀ ਕੋਲ ਹੀ ਅਜਿਹੀ ਟੀਮ ਹੈ ਜਿਹੜੀ ਕੋਵਿਡ-19 ਖਿਲਾਫ ਲੜਾਈ ਖ਼ਤਮ ਕਰ ਸਕਦੀ ਹੈ ਤੇ ਕੈਨੇਡਾ ਨੂੰ ਪਹਿਲਾਂ ਵਾਂਗ ਰਹਿਣ ਲਈ ਬਿਹਤਰ ਥਾਂ ਬਣਾ ਸਕਦੀ ਹੈ। ਕੈਨੇਡੀਅਨਜ਼ ਨੇ ਰਲ ਕੇ ਹੁਣ ਤੱਕ ਇਸ ਸੰਕਟ ਦਾ ਸਾਹਮਣਾ ਕੀਤਾ ਹੈ ਤੇ ਅੱਗੇ ਵੀ ਅਸੀਂ ਅਜਿਹਾ ਹੀ ਕਰਾਂਗੇ ਤੇ ਲਿਬਰਲ ਪਾਰਟੀ ਇਸ ਦੌਰਾਨ ਕੈਨੇਡੀਅਨਜ਼ ਦੇ ਨਾਲ ਰਹੀ ਹੈ ਤੇ ਅੱਗੇ ਵੀ ਰਹੇਗੀ। ਸਾਨੂੰ ਰਲ ਕੇ ਕੋਵਿਡ-19 ਖਿਲਾਫ ਲੜਾਈ ਨੂੰ ਖ਼ਤਮ ਕਰਨਾ ਹੋਵੇਗਾ। ਅਸੀਂ ਸਾਰਿਆਂ ਨਾਲ ਰਲ ਕੇ ਅੱਗੇ ਵਧਣ ਵਿੱਚ ਯਕੀਨ ਰੱਖਦੇ ਹਾਂ।

ਲਿਬਰਲ ਪਲੇਟਫਾਰਮ ਕੈਨੇਡੀਅਨਜ਼ ਨੂੰ ਮਹਾਂਮਾਰੀ ਤੋਂ ਬਾਹਰ ਕੱਢਣ ਲਈ ਤਿਆਰ ਕੀਤਾ ਗਿਆ ਹੈ ਤੇ ਅਸੀਂ ਰਲ ਕੇ ਹੇਠ ਲਿਖੇ ਕੰਮ ਕਰਾਂਗੇ :

* ਕੈਨੇਡੀਅਨਜ਼ ਨੂੰ ਆਪਣਾ ਘਰ ਲੱਭਣ ਵਿੱਚ ਮਦਦ ਕਰਾਂਗੇ, ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਨੂੰ 30,000 ਡਾਲਰ ਤੱਕ ਦੀ ਬਚਤ ਹੋਵੇਗੀ, 1·4 ਮਿਲੀਅਨ ਪਰਿਵਾਰਾਂ ਕੋਲ ਆਪਣਾ ਘਰ ਹੋਵੇਗਾ, ਕੈਨੇਡੀਅਨਜ਼ ਦੇ ਅਧਿਕਾਰਾਂ ਦੀ ਰਾਖੀ ਕਰਾਂਗੇ ਤੇ ਸੱਟੇਬਾਜ਼ਾਂ ਖਿਲਾਫ ਕਾਰਵਾਈ ਕਰਾਂਗੇ।
* ਚਾਈਲਡਕੇਅਰ ਲਈ ਦਿਨ ਦੇ 10 ਡਾਲਰ ਫੀਸ ਯਕੀਨੀ ਬਣਾਵਾਂਗੇ
* ਵੈਕਸੀਨੇਸ਼ਨ ਸਬੰਧੀ ਦਸਤਾਵੇਜ਼ਾਂ ਦਾ ਸਬੂਤ ਲਾਗੂ ਕਰਕੇ ਤੇ ਜਹਾਜ਼ਾਂ ਤੇ ਰੇਲਗੱਡੀਆਂ ਵਿੱਚ ਸਫਰ ਕਰਨ ਵਾਲੇ ਲੋਕਾਂ ਲਈ ਵੈਕਸੀਨੇਸ਼ਨ ਲਾਜ਼ਮੀ ਕਰਕੇ ਕੋਵਿਡ-19 ਖਿਲਾਫ ਲੜਾਈ ਨੂੰ ਖ਼ਤਮ ਕਰਾਂਗੇ
* ਯੂਨੀਵਰਸਲ, ਪਬਲਿਕ ਹੈਲਥ ਕੇਅਰ ਸਿਸਟਮ, ਪ੍ਰਾਇਮਰੀ ਕੇਅਰ, ਲਾਂਗ ਟਰਮ ਕੇਅਰ ਤੇ ਮੈਂਟਲ ਹੈਲਥ ਵਿੱਚ ਨਿਵੇਸ਼ ਕਰਕੇ ਕੈਨੇਡੀਅਨਜ਼ ਨੂੰ ਸਿਹਤਮੰਦ ਰੱਖਾਂਗੇ
* ਨਵੀਂਆਂ ਗ੍ਰੀਨ ਜੌਬਜ਼ ਸਿਰਜ ਕੇ, ਤੇਲ ਤੇ ਗੈਸ ਸੈਕਟਰ ਵਿੱਚ ਪ੍ਰਦੂਸ਼ਣ ਘਟਾ ਕੇ ਤੇ ਜ਼ੀਰੋ ਰਿਸਾਅ ਵਾਲੀਆਂ ਗੱਡੀਆਂ ਲਿਆ ਕੇ ਆਪਣੀਆਂ ਕਮਿਊਨਿਟੀਜ਼ ਨੂੰ ਸਾਫ ਸੁਥਰਾ ਬਣਾ ਕੇ ਅਸੀਂ ਕਲਾਈਮੇਟ ਚੇਂਜ ਖਿਲਾਫ ਸੰਘਰਸ਼ ਤੇਜ਼ ਕਰਾਂਗੇ
* ਹਰ ਕਿਸੇ ਨੂੰ ਉਸ ਦਾ ਜਾਇਜ਼ ਹਿੱਸਾ ਅਦਾ ਕਰਨਾ ਯਕੀਨੀ ਬਣਾਵਾਂਗੇ, ਇਨ੍ਹਾਂ ਵਿੱਚ ਵੱਡੇ ਬੈਂਕ ਤੇ ਅਮੀਰ ਕੈਨੇਡੀਅਨਜ਼ ਵੀ ਸ਼ਾਮਲ ਕੀਤੇ ਜਾਣਗੇ
* ਪਾਬੰਦੀਸ਼ੁਦਾ ਹਥਿਆਰਾਂ ਸਬੰਧੀ ਕਾਨੂੰਨ ਹੋਰ ਸਖ਼ਤ ਕਰਕੇ ਤੇ ਹੈਂਡਗੰਨਜ਼ ਉੱਤੇ ਪਾਬੰਦੀਆਂ ਨੂੰ ਲਾਗੂ ਕਰਨ ਲਈ ਪ੍ਰੋਵਿੰਸਾਂ ਤੇ ਟੈਰੇਟਰੀਜ਼ ਦੀ ਮਦਦ ਕਰਕੇ ਕਮਿਊਨਿਟੀਜ਼ ਨੂੰ ਹੋਰ ਸੁਰੱਖਿਅਤ ਕਰਾਂਗੇ
* ਨਸਲਵਾਦ ਤੇ ਪੱਖਪਾਤ ਦੇ ਨਾਲ ਨਾਲ ਹਰ ਕਿਸਮ ਦੀ ਨਫਰਤ ਨੂੰ ਖ਼ਤਮ ਕਰਕੇ ਬਿਹਤਰ ਕੈਨੇਡਾ ਦਾ ਨਿਰਮਾਣ ਕਰਾਂਗੇ
* ਬਸਤੀਵਾਦ ਤੇ ਰੈਜ਼ੀਡੈਂਸ਼ੀਅਲ ਸਕੂਲਾਂ ਦੀ ਵਿਰਾਸਤ ਸਬੰਧੀ ਕਾਰਵਾਈ ਕਰਕੇ, ਸਾਫ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਦੂਰ ਕਰਕੇ ਤੇ ਮੂਲਵਾਸੀ ਲੋਕਾਂ ਖਿਲਾਫ ਹੈਲਥ ਕੇਅਰ ਸਮੇਤ ਹੋਰਨਾਂ ਖੇਤਰਾਂ ਵਿੱਚ ਹੋਣ ਵਾਲੇ ਨਸਲਵਾਦ ਨੂੰ ਖ਼ਤਮ ਕਰਕੇ ਸੁਲ੍ਹਾ ਦਾ ਰਾਹ ਅਖ਼ਤਿਆਰ ਕਰਾਂਗੇ।

## ਹੈਲਥ ਕੈਨੇਡਾ ਨੇ ਕੋਵਿਡ-19 ਦੇ ਇਲਾਜ ਲਈ ਐਂਟੀਪੈਰਾਸਾਈਟਿਕ ਦਵਾਈ ਨਾ ਖਾਣ ਦੀ ਦਿੱਤੀ ਸਲਾਹ

...ਪੰਨਾ 1 ਦਾ ਬਾਕੀ




ਨਹੀਂ ਹੈ ਕਿ ਇਹ ਦਵਾਈ ਇਸ ਮਕਸਦ ਲਈ ਸੇਫ ਜਾਂ ਪ੍ਰਭਾਵਸ਼ਾਲੀ ਹੈ। ਆਇਵਰਮੈਕਟਿਨ ਦੇ ਮਨੁੱਖੀ ਸੰਸਕਰਣ ਨੂੰ ਕੈਨੇਡਾ ਵਿੱਚ ਸਿਰਫ ਪੈਰਾਸਾਈਟਿਕ (ਪਰਜੀਵੀਆਂ) ਕੀੜਿਆਂ ਸਬੰਧੀ ਸੰਕ੍ਰਮਣ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ ਵੈਟਨਰੀ ਆਇਵਰਮੈਕਟਿਨ ਦੀ ਵਰਤੋਂ ਜਾਨਵਰਾਂ ਵਿੱਚ ਪਰਜੀਵੀਆਂ ਦੇ ਇਲਾਜ ਲਈ ਕੀਤੀ ਜਾਂਦੀ ਹੈ।

ਇਸ ਦੀ ਹਾਈ ਡੋਜ਼ ਮਨੁੱਖਾਂ ਲਈ ਖਤਰਨਾਕ ਹੈ। ਇਸ ਨਾਲ ਉਲਟੀਆਂ ਲੱਗ ਸਕਦੀਆਂ ਹਨ, ਦਸਤ ਲੱਗ ਸਕਦੇ ਹਨ, ਬਲੱਡ ਪ੍ਰੈਸ਼ਰ ਲੋਅ ਰਹਿ ਸਕਦਾ ਹੈ, ਐਲਰਜੀ ਹੋ ਸਕਦੀ ਹੈ, ਥਕੇਵਾਂ ਹੋ ਸਕਦਾ ਹੈ, ਦੌਰੇ ਪੈ ਸਕਦੇ ਹਨ ਤੇ ਇੱਥੋਂ ਤੱਕ ਕਿ ਮੌਤ ਵੀ ਹੋ ਸਕਦੀ ਹੈ।

**ਲੇਡੀ ਵਰਕਰ ਦੀ ਲੋੜ**

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

**ਹੈਂਡੀਮੈਨ ਦੀ ਲੋੜ**

ਪਲੰਬਿੰਗ, ਇਲੈਕਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

**ਸੰਪਰਕ: 416-816-1695**

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

**ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ**

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।

ਸੰਪਰਕ: ਅਜੈਬ ਸਹੋਤਾ

**4165618882, 4164544587**

**A-One Drivers TRAINING SCHOOL**

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

**ਜ਼ਰੂਰ ਜਾਣੋ; ਗਿਆਨ ਗੰਗਾ**

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

**Dr. Randhawa Dentistry**



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist

New Patients welcome
Deal Directly with all Insurance Companies

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




**BEST CANADIAN TRUCK & FORKLIFT TRAINING CENTRE**

Best Canadian Truck & Forklift Training Centre

Registered as a Private Career College Under the Private Career College Act. 2005







- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-

Karnail Singh



416.670.3173 | 905.799.7333
27 Edvac Dr, Brampton, ON L6S 5X8

# ਪਹਿਲਾ ਪਾਣੀ ਜੀਓ ਹੈ ...

ਮੇਜ਼ 'ਤੇ ਪਏ ਗਲੋਬ ਉੱਪਰ ਨਿਗਾਹ ਮਾਰੀਏ ਹਾਂ ਤਾਂ ਸਾਫ਼ ਨਜ਼ਰੀਂ ਪੈਂਦਾ ਹੈ ਕਿ ਧਰਤੀ ਦਾ ਤਿੰਨ-ਚੌਥਾਈ ਹਿੱਸਾ ਪਾਣੀ ਹੈ ਅਤੇ ਕੇਵਲ ਇਕ ਹਿੱਸਾ ਹੀ ਥਲ ਹੈ। ਵਿਗਿਆਨੀਆਂ ਦੇ ਅਨੁਸਾਰ ਇਸ ਧਰਤੀ ਉੱਪਰ ਜੀਵਨ ਸੱਭ ਤੋਂ ਪਹਿਲਾਂ ਪਾਣੀ ਵਿਚ ਸੰਭਵ ਹੋਇਆ ਅਤੇ ਪਾਣੀ ਵਿਚ ਪੈਦਾ ਹੋਣ ਵਾਲਾ ਇਹ ਜੀਵ 'ਅਮੀਬਾ' (Amoeba) ਸੀ। ਇਹ ਇਕ ਸੈੱਲ ਵਾਲਾ ਜੀਵ ਸੀ ਅਤੇ ਇਸ ਦੇ ਸੈੱਲ ਦੀ ਅੱਗੋਂ 'ਅੱਧੋ-ਅੱਧੀ ਵੰਡ' ਜਿਸ ਨੂੰ ਵਿਗਿਆਨਕ ਭਾਸ਼ਾ ਵਿਚ 'ਡਾਈਸੈੱਕਸ਼ਨ' (Disection) ਕਿਹਾ ਜਾਂਦਾ ਹੈ, ਨਾਲ ਇਕ ਤੋਂ ਦੋ, ਦੋ ਤੋਂ ਚਾਰ ਅਤੇ ਚਾਰ ਤੋਂ ਅੱਠ ਅਮੀਬੇ ਬਣੇ। ਪ੍ਰਸਿੱਧ ਵਿਗਿਆਨੀ ਚਾਰਲਿਸ ਡਾਰਵਿਨ ਦੀ 'ਔਰਿਜਨ ਆਫ਼ ਸਪੀਸ਼ੀਜ਼ ਐਂਡ ਥਿਊਰੀ ਆਫ ਐਵੋਲੂਸ਼ਨ' ਅਨੁਸਾਰ ਇਸ ਧਰਤੀ ਉੱਪਰ ਪੈਦਾ ਹੋਏ ਜੀਵਾਂ ਵਿਚ ਸਮੇਂ ਨਾਲ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ ਅਤੇ ਇਹ ਤਬਦੀਲੀਆਂ ਉਨ੍ਹਾਂ ਵੱਲੋਂ ਸਮੇਂ-ਸਮੇਂ ਗ੍ਰਹਿਣ ਕੀਤੇ ਗਏ ਨਵੇਂ 'ਵਿਸ਼ੇਸ਼ ਗੁਣਾਂ' (Triats) ਦੇ ਕਾਰਨ ਹੁੰਦੀਆਂ ਹਨ ਜਿਸ ਨੂੰ ਅਜੋਕੀ ਤਕਨੀਕ 'ਡੀਐੱਨਏ ਮਿਊਟੇਸਨ' (DNA Mutation) ਥਿਊਰੀ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅੱਜਕੱਲ੍ਹ ਸਾਰੀ ਦੁਨੀਆਂ ਵਿਚ ਫ਼ੈਲੀ ਮਹਾਂਮਾਰੀ ਕੋਵਿਡ-19 ਦੇ ਨਿੱਤ ਬਦਲ ਰਹੇ ਰੂਪ ਜਿਨ੍ਹਾਂ ਵਿਚ ਹੁਣ 'ਡੈਲਟਾ' ਨੂੰ ਸੱਭ ਤੋਂ ਖ਼ਤਰਨਾਕ ਸਮਝਿਆ ਜਾ ਰਿਹਾ ਹੈ, ਨੂੰ ਵੀ ਵਿਗਿਆਨੀਆਂ ਵੱਲੋਂ ਏਸੇ ਥਿਊਰੀ ਨਾਲ ਸਮਝਣ ਦੇ ਯਤਨ ਜਾਰੀ ਹਨ।

ਇਕ ਸੈੱਲ ਵਾਲੇ ਜੀਵ ਅਮੀਬਾ ਤੋਂ ਅੱਗੇ ਦੋ ਸੈੱਲਾਂ ਵਾਲੇ ਜੀਵ ਅਤੇ ਫਿਰ ਬਹੁਤੇ ਸੈੱਲਾਂ ਵਾਲੇ ਪਾਣੀ ਵਿਚ ਰਹਿਣ ਵਾਲੇ ਜੀਵ ਮੱਛੀਆਂ, ਸੀ-ਅਰਚਨ, ਔਕਟੋਪਸ, ਆਦਿ ਪੈਦਾ ਹੋਏ। ਇਨ੍ਹਾਂ ਵਿਚ ਡੱਡੂ, ਸੱਪ ਅਤੇ ਮਗਰਮੱਛ ਆਦਿ ਵੀ ਸ਼ਾਮਲ ਸਨ ਜਿਹੜੇ ਪਾਣੀ ਅਤੇ ਖ਼ੁਸ਼ਕ ਧਰਤੀ ਦੋਹਾਂ ਥਾਵਾਂ 'ਤੇ ਹੀ ਰਹਿ ਸਕਦੇ ਹਨ। ਹੌਲੀ-ਹੌਲੀ ਪੂਰੀ ਤਰ੍ਹਾਂ ਖ਼ੁਸ਼ਕੀ ਉੱਪਰ ਰਹਿਣ ਵਾਲੇ ਜੀਵ-ਜੰਤੂ ਅਤੇ ਜਾਨਵਰ ਇਸ ਧਰਤੀ ਉੱਪਰ ਪੈਦਾ ਹੋਏ। ਡਾਰਵਿਨ ਦੀ ਵਿਕਾਸ ਥਿਊਰੀ ਦੇ ਅਨੁਸਾਰ ਅੱਗੇ ਜਾ ਕੇ ਚੌਪਾਏ ਜਾਨਵਰਾਂ ਬਾਂਦਰਾਂ ਅਤੇ ਚੈਂਪੀਜ਼ੀਆਂ, ਆਦਿ ਦਾ ਨੰਬਰ ਆਉਂਦਾ ਹੈ ਜਿਨ੍ਹਾਂ ਤੋਂ ਅੱਗੋਂ ਹੋਰ ਕਰੋੜਾਂ-ਅਰਬਾਂ ਸਾਲਾਂ ਵਿਚ ਹੌਲੀ-ਹੌਲੀ ਮਨੁੱਖ ਦਾ ਵਿਕਾਸ ਹੋਇਆ।

ਗੁਰਬਾਣੀ ਵਿਚ ਪਾਣੀ ਨੂੰ 'ਜਲ', 'ਨੀਰ' ਅਤੇ 'ਅੰਮ੍ਰਿਤ' ਵੀ ਕਿਹਾ ਗਿਆ ਹੈ। ਇਸ ਸ੍ਰਿਸ਼ਟੀ ਦੀ ਉਤਪਤੀ ਬਾਰੇ ਅਤੇ ਹਵਾ ਤੇ ਪਾਣੀ ਦੀ ਮਹਾਨ-ਤਾ ਬਾਰੇ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ:

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ।*
*ਜਲ ਤੇ ਤ੍ਰਿਭਵਣ ਸਾਜਿਆ ਘਟ ਘਟ ਜੋਤਿ ਸਮੋਇ।।*

(ਗੁਰੂ ਗ੍ਰੰਥ ਸਾਹਿਬ, ਪੰਨਾ 19)

ਤੀਸਰੇ ਗੁਰੂ ਅਮਰ ਦਾਸ ਜੀ ਦਾ ਇਸ ਸਬੰਧੀ ਫ਼ੁਰਮਾਨ ਹੈ:

*ਜਲ ਤੇ ਹੀ ਸਭ ਊਪਜੈ ਜਲ ਬਿਨ ਪਿਆਸ ਨਾ ਜਾਇ।।*

(ਗੁਰੂ ਗ੍ਰੰਥ ਸਾਹਿਬ, ਪੰਨਾ 1420)

ਪਾਣੀ ਦੀ ਅਹਿਮੀਅਤ ਨੂੰ ਦਰਸਾਉਂਦੇ ਹੋਏ ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਵਿਚ ਫ਼ੁਰਮਾਉਂਦੇ ਹਨ:

*"ਪਹਿਲਾ ਪਾਣੀ ਜੀਓ ਹੈ ਜਿਤੁ ਹਰਿਆ ਸਭ ਕੋਇ।।"*

(ਗੁਰੂ ਗ੍ਰੰਥ ਸਾਹਿਬ, ਮਹਲਾ ਪਹਿਲਾ)

ਭਾਵ, ਪਾਣੀ ਜੀਵਾਂ ਲਈ ਪਹਿਲੀ ਜ਼ਰੂਰਤ ਹੈ ਅਤੇ ਇਸ ਦੇ ਨਾਲ ਹੀ ਇਸ ਸੰਸਾਰ ਵਿਚ ਸੱਭ ਹਰਿਆਲੀ ਹੈ। ਕੁਦਰਤੀ ਬਨਸਪਤੀ ਅਤੇ ਜੀਵ-ਜੰਤੂ ਪਾਣੀ ਤੋਂ ਬਗ਼ੈਰ ਨਹੀਂ ਰਹਿ ਸਕਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਪਹਿਲੀ ਬਾਣੀ 'ਜਪੁਜੀ ਸਾਹਿਬ' ਦੇ ਅਖ਼ੀਰ ਵਿਚ ਆਉਂਦਾ ਸਲੋਕ "ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ" ਹਵਾ ਨੂੰ 'ਗੁਰੂ', ਪਾਣੀ ਨੂੰ 'ਪਿਤਾ' ਤੇ ਧਰਤੀ ਨੂੰ 'ਮਾਤਾ' ਦਾ ਦਰਜਾ ਦਿੰਦਾ ਹੈ। ਇੱਥੋਂ ਪਾਣੀ ਦੀ ਮਹੱਤਤਾ ਭਲੀ-ਭਾਂਤ ਸਮਝੀ ਜਾ ਸਕਦੀ ਹੈ।

ਮਨੁੱਖ ਹੋਵੇ ਜਾਂ ਬਨਸਪਤੀ, ਪਾਣੀ ਜੀਵਨ ਲਈ ਸੱਭ ਤੋਂ ਮਹੱਤਵਪੂਰਨ ਹੈ। ਪਾਣੀ ਦੇ ਬਗ਼ੈਰ ਜੀਵਨ ਸੰਭਵ ਹੀ ਨਹੀਂ ਹੈ। ਥੋੜ੍ਹੀ ਜਿਹੀ ਪਿਆਸ ਮਹਿਸੂਸ ਹੋਵੇ ਤਾਂ ਓਸੇ ਵੇਲੇ ਸਾਡਾ ਪਾਣੀ ਪੀਣ ਨੂੰ ਦਿਲ ਕਰਦਾ ਹੈ ਅਤੇ ਜੇਕਰ ਇਹ ਪਿਆਸ ਹੋਰ ਵੀ ਵਧੇਰੇ ਹੋ ਜਾਵੇ ਤਾਂ ਸਰੀਰ ਵਿਚ ਪਾਣੀ ਘਾਟ ਦੀ 'ਡੀਹਾਈਡਰੇਸਨ' (Dehydration) ਵਾਲੀ ਹਾਲਤ ਪੈਦਾ ਹੋ ਜਾਂਦੀ ਹੈ। ਫਿਰ ਤਾਂ ਸਾਰਿਆਂ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ ਅਤੇ ਘਰ ਦੇ ਸਿਆਣੇ ਮੈਂਬਰ ਉਸ ਵਿਅੱਕਤੀ ਨੂੰ ਖੰਡ ਤੇ ਨਮਕ ਮਿਲਿਆ ਪਾਣੀ ਪਿਆਉਣ ਦੀ ਸਲਾਹ ਦਿੰਦੇ ਹਨ। ਪਰ ਕਈ ਵਾਰ ਜਦੋਂ ਉਸ ਦੀ ਹਾਲਤ ਹੋਰ ਵੀ ਵਿਗੜ ਜਾਂਦੀ ਹੈ ਤਾਂ ਫਿਰ ਹਸਪਤਾਲ ਜਾਣ ਦੀ ਲੋੜ ਵੀ ਪੈ ਜਾਂਦੀ ਹੈ ਅਤੇ ਉੱਥੇ ਪਹੁੰਚਦਿਆਂ ਹੀ ਡਾਕਟਰ ਅਤੇ ਨਰਸਾਂ ਝੱਟਪੱਟ ਗੁਲੂਕੋਜ਼ ਦੀ ਬੋਤਲ ਲਾਉਣ ਦੀ ਤਿਆਰੀ ਵਿਚ ਜੁੱਟ ਜਾਂਦੇ ਹਨ।

ਮਨੁੱਖੀ ਸਰੀਰ ਵਿਚ ਪਾਣੀ ਦੀ ਮਾਤਰਾ 70 ਫ਼ੀਸਦੀ ਹੈ ਅਤੇ ਇਹ ਸਾਡੇ ਸਰੀਰ ਦੇ ਬਹੁਤ ਸਾਰੇ ਮਹੱਤਵਪੂਰਨ ਕਾਰਜ ਕਰਦਾ ਹੈ। ਸਾਡੇ ਖਾਧੇ ਹੋਏ ਭੋਜਨ ਨੂੰ ਸਰੀਰ ਵਿਚ ਪਚਾਉਣ ਵਿਚ ਇਹ ਮੁੱਖ ਭੂਮਿਕਾ ਨਿਭਾਉਂਦਾ ਹੈ। ਮੂੰਹ ਵਿਚ ਬਣਦਾ 'ਥੁੱਕ' (ਸਲਾਈਵਾ) ਜਿਸ ਵਿਚ ਕਈ ਪ੍ਰਕਾਰ ਦੇ ਜ਼ਰੂਰੀ ਤੱਤ ਹੁੰਦੇ ਹਨ, ਇਹ ਕਾਰਜ ਬਾਖ਼ੂਬੀ ਨਿਭਾਉਂਦੇ ਹਨ। ਪਾਣੀ ਸਰੀਰ ਵਿਚ ਤਾਪਮਾਨ ਨੂੰ ਕੰਟਰੋਲ ਕਰਦਾ ਹੈ ਅਤੇ ਇਸ ਦੀ ਇਕਸਾਰਤਾ ਬਣਾਈ ਰੱਖਦਾ ਹੈ। ਇਹ ਸਾਰੇ ਸਰੀਰ ਵਿਚਲੇ ਵੱਖ-ਵੱਖ ਸੈੱਲਾਂ ਨੂੰ ਆਕਸੀਜਨ ਪਹੁੰਚਾਉਣ ਵਿਚ ਭਾਰੀ ਮਦਦ ਕਰਦਾ ਹੈ। ਇਹ ਸਰੀਰ ਦੇ ਵੱਖ-ਵੱਖ ਭਾਗਾਂ ਨੂੰ ਲੋੜੀਂਦੇ ਵੱਖ-ਵੱਖ ਪਦਾਰਥ (Nutrients) ਪ੍ਰੋਟੀਨ, ਅਮਾਈਨੋ ਏਸਿਡਜ਼, ਗੁਲੂਕੋਜ਼ ਅਤੇ ਖਣਿਜ ਪਦਾਰਥ ਪਹੁੰਚਾਉਣ ਵਿਚ ਮਹੱਤਵਪੂਰਨ ਨਿਭਾਉਂਦਾ ਹੈ। ਸਰੀਰ ਵਿਚੋਂ ਵਾਧੂ ਫੋਕਟ ਪਦਾਰਥ ਪਿਸ਼ਾਬ ਅਤੇ ਪਖ਼ਾਨੇ ਦੇ ਰੂਪ ਵਿਚ ਬਾਹਰ ਕੱਢਣ ਵਿਚ ਸਹਾਇਤਾ ਕਰਦਾ ਹੈ। ਕਬਜ਼ ਨੂੰ ਦੂਰ ਕਰਦਾ ਹੈ। ਸਰੀਰ ਨੂੰ ਬੀਮਾਰੀਆਂ ਨਾਲ ਲੜਨ ਦੀ ਸ਼ਕਤੀ ਵਿਚ ਵਾਧਾ ਕਰਦਾ ਹੈ। ਇਹ ਸਾਡੇ ਸਰੀਰ ਦਾ ਭਾਰ ਘਟਾਉਣ ਵਿਚ ਵੀ ਸਹਾਈ ਹੁੰਦਾ ਹੈ। ਦਿਮਾਗ਼ ਨੂੰ ਚੁਸਤ-ਦਰੁਸਤ ਰੱਖਣ ਵਿਚ ਵੀ ਸਹਾਇਤਾ



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9128

ਕਰਦਾ ਹੈ। ਡਾਕਟਰਾਂ ਦਾ ਵਿਚਾਰ ਹੈ ਕਿ ਵਧੇਰੇ ਪਾਣੀ ਪੀਣ ਨਾਲ ਸਰੀਰ ਤੰਦਰੁਸਤ ਰਹਿਣ ਦੇ ਨਾਲ਼ ਨਾਲ਼ ਸਾਡਾ ਮਨ ਵੀ ਖ਼ੁਸ਼ ਰਹਿੰਦਾ ਹੈ। ਇਸ ਨਾਲ ਚਮੜੀ ਦੀ ਚਮਕ-ਦਮਕ ਕਾਇਮ ਰਹਿੰਦੀ ਹੈ ਅਤੇ ਚਮੜੀ ਦੀਆਂ ਬੀਮਾਰੀਆਂ ਖਾਰਸ਼, ਖੁਜਲ਼ੀ ਵਗ਼ੈਰਾ ਤੋਂ ਬਚਿਆ ਰਹਿੰਦਾ ਹੈ। ਏਸੇ ਲਈ ਉਹ ਸਾਨੂੰ ਦਿਨ ਵਿਚ ਘੱਟੋ-ਘੱਟ 3-4 ਲੀਟਰ (8-10 ਗਲਾਸ ਪਾਣੀ ਪੀਣ ਦੀ ਸਲਾਹ ਦਿੰਦੇ ਹਨ।

ਇਸ ਦੇ ਨਾਲ ਹੀ ਪਾਣੀ ਹਰੇਕ ਕਿਸਮ ਦੀ ਬਨਸਪਤੀ ਲਈ ਅਤੀ ਲੋੜੀਂਦਾ ਹੈ, ਕਿਸੇ ਨੂੰ ਬਹੁਤਾ ਤੇ ਕਿਸੇ ਨੂੰ ਘੱਟ। ਗਮਲਿਆਂ ਵਿਚ ਉਗਾਏ ਗਏ ਫੁੱਲਾਂ ਬੂਟਿਆਂ ਨੂੰ ਗਰਮੀਆਂ ਵਿਚ ਦੋ ਦਿਨ ਪਾਣੀ ਨਾ ਪਾਇਆ ਜਾਏ ਤਾਂ ਉਹ ਕੁਮਲਾਉਣੇ ਅਤੇ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਖੇਤਾਂ ਵਿਚ ਉਗਾਈਆਂ ਜਾਣ ਵਾਲੀਆਂ ਫ਼ਸਲਾਂ, ਬਾਗ-ਬਗੀਚੇ, ਫੁੱਲ ਤੇ ਫ਼ਲਦਾਰ ਬੂਟੇ ਅਤੇ ਵੱਡੇ ਰੁੱਖ ਸੱਭ ਪਾਣੀ ਉੱਪਰ ਨਿਰਭਰ ਹਨ। ਪਾਣੀ ਦੇ ਬਿਨਾਂ ਇਨ੍ਹਾਂ ਦੀ ਹੋਂਦ ਹੀ ਸੰਭਵ ਨਹੀਂ ਹੈ। ਜੇਕਰ ਫ਼ਸਲਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿੱਚੋਂ ਝੋਨਾ ਸੱਭ ਤੋਂ ਵੱਧ ਪਾਣੀ ਮੰਗਦਾ ਹੈ। ਉੱਤਰੀ ਭਾਰਤ ਜਿੱਥੇ ਕਣਕ ਲੋਕਾਂ ਦਾ ਮੁੱਖ ਭੋਜਨ ਹੈ, ਨੂੰ ਛੱਡ ਕੇ ਭਾਰਤ ਦੇ ਦੂਸਰੇ ਸੂਬਿਆਂ ਵਿਚ ਵੱਸਣ ਵਾਲੇ ਬਹੁਤ ਸਾਰੇ ਲੋਕਾਂ ਦੀ ਮੁੱਖ ਖ਼ੁਰਾਕ ਚਾਵਲ ਹੈ ਅਤੇ ਉਨ੍ਹਾਂ ਵਿੱਚੋਂ ਕਈ ਤਾਂ ਤਿੰਨੇ ਵੇਲੇ ਹੀ ਚਾਵਲ ਕਿਸੇ ਨਾ ਕਿਸੇ ਰੂਪ ਵਿਚ ਖਾਂਦੇ ਹਨ।

ਵੀਹਵੀਂ ਸਦੀ ਦੇ ਸੱਠਵੇਂ ਵਾਲੇ ਦਹਾਕੇ ਵਿਚ ਜਦੋਂ ਦੇਸ਼ ਨੂੰ ਆਪਣੇ ਲੋਕਾਂ ਦੇ ਖਾਣ ਲਈ ਕਣਕ ਅਤੇ ਚਾਵਲ ਦੀ ਘਾਟ ਮਹਿਸੂਸ ਹੋਈ ਅਤੇ ਉਸ ਨੂੰ ਇਹ ਕਈ ਸ਼ਰਤਾਂ ਦੇ ਤਹਿਤ ਅਮਰੀਕਾ ਤੇ ਹੋਰਨਾਂ ਦੇਸ਼ਾਂ ਤੋਂ ਮੰਗਵਾਉਣੇ ਪਏ ਤਾਂ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਖੇਤੀ-ਵਿਗਿਆਨੀਆਂ ਨੂੰ ਇਸ ਦੇ ਕੋਈ ਹੱਲ ਕੱਢਣ ਲਈ ਕਿਹਾ ਜਿਸ ਦੇ ਨਤੀਜੇ ਵਜੋਂ 'ਹਰੀ-ਕ੍ਰਾਂਤੀ' ਦੇ ਰੂਪ ਵਿਚ ਪੰਜਾਬ ਦੇ ਕਿਸਾਨਾਂ ਨੂੰ ਵੰਗਾਰਿਆ ਗਿਆ। ਵਿਗਿਆਨੀਆਂ ਵੱਲੋਂ ਕਣਕ ਅਤੇ ਝੋਨੇ ਦੇ ਨਵੇਂ ਬੀਜ ਈਜਾਦ ਕੀਤੇ ਗਏ ਜਿਨ੍ਹਾਂ ਨੂੰ ਪਾਣੀ ਦੀ ਵਧੇਰੇ ਲੋੜ ਪੈਂਦੀ ਸੀ, ਖ਼ਾਸ ਤੌਰ 'ਤੇ ਝੋਨੇ ਦੀਆਂ ਨਵੀਆਂ ਕਿਸਮਾਂ ਤਾਂ ਪਹਿਲੀਆਂ ਨਾਲੋਂ ਕਈ ਗੁਣਾਂ ਵਧੇਰੇ ਪਾਣੀ ਚਾਹੁੰਦੀਆਂ ਸਨ ਜਿਸ ਨੂੰ ਪੂਰਾ ਕਰਨ ਲਈ ਧੜਾਧੜ ਨਵੇਂ ਟਿਊਬਵੈੱਲ ਲੱਗ ਗਏ ਅਤੇ ਵੱਡੀ ਮਾਤਰਾ ਵਿਚ ਧਰਤੀ ਹੇਠਲਾ ਪਾਣੀ ਉੱਪਰ ਖਿੱਚਿਆ ਜਾਣ ਲੱਗਾ। ਪਾਣੀ ਦਿਨੋਂ-ਦਿਨ ਡੂੰਘੇ ਹੁੰਦੇ ਗਏ। ਜਿੱਥੇ ਪਹਿਲਾਂ 70-80 ਫੁੱਟ 'ਤੇ ਵਧੀਆ ਪਾਣੀ ਆ ਜਾਂਦਾ ਸੀ, ਉੱਥੇ ਇਹ 40-50 ਫੁੱਟ ਡੂੰਘੀਆਂ ਖੂਹੀਆਂ ਵਿਚ ਮੋਟਰਾਂ ਲਗਾ ਕੇ 200-250 ਫੁੱਟ ਤੋਂ ਖਿੱਚਿਆ ਜਾਣ ਲੱਗਾ।

ਪੰਜਾਬ ਵਿਚ ਅਕਾਲੀ ਸਰਕਾਰ ਵੱਲੋਂ ਖੇਤੀ ਲਈ ਟਿਊਬਵੈੱਲਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਦੇਣ ਨਾਲ ਇਹ ਹਾਲਤ ਹੋਰ ਵੀ ਵਿਗੜਦੀ ਗਈ। ਕਿਸਾਨਾਂ ਨੇ ਪਾਣੀ ਦੀ ਹੋਰ ਵਧੇਰੇ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਅਤੇ ਜਦੋਂ ਖੂਹੀਆਂ ਵਾਲੀਆਂ ਮੋਟਰਾਂ ਨੇ ਵੀ ਜੁਆਬ ਦੇ ਦਿੱਤਾ ਤਾਂ ਫਿਰ ਉਨ੍ਹਾਂ ਦੀ ਥਾਂ 'ਮੱਛਲੀ-ਮੋਟਰਾਂ' (Submersible Motors) ਨੇ ਲੈ ਲਈ ਜੋ 400-500 ਫੁੱਟ ਤੋਂ ਵੀ ਇਹ ਪਾਣੀ ਧੂਹ ਲਿਆਉਂਦੀਆਂ ਹਨ। ਨਤੀਜੇ ਵਜੋਂ, ਪੰਜਾਬ ਅਤੇ ਅਜੋਕੇ ਹਰਿਆਣਾ ਦੇ ਬਹੁਤ ਜ਼ਿਲਿਆਂ ਵਿਚ ਪੀਣ ਵਾਲੇ ਪਾਣੀ ਦੀ ਵੀ ਕਮੀ ਪੈਦਾ ਹੋ ਗਈ। ਫਿਰ ਕਣਕ ਅਤੇ ਝੋਨੇ ਦੀਆਂ ਇਨ੍ਹਾਂ ਨਵੀਆਂ ਵਰਾਇਟੀਆਂ ਨੂੰ ਪੱਲਰਨ ਅਤੇ ਵਿਗਸਣ ਲਈ ਰਸਾਇਣਕ ਖ਼ਾਦਾਂ ਅਤੇ ਕੀੜੇ-ਮਾਰ ਦਵਾਈਆਂ ਦੀ ਵੀ ਵਧੇਰੇ ਜ਼ਰੂਰਤ ਪਈ। ਕੁਝ ਕਿਸਾਨਾਂ ਵੱਲੋਂ ਤਾਂ ਇਨ੍ਹਾਂ ਦੀ ਲੋੜ ਤੋਂ ਵਧੇਰੇ ਵੀ ਵਰਤੋਂ ਕੀਤੀ ਗਈ ਜਿਸ ਦੇ ਸਿੱਟੇ ਵਜੋਂ ਅੱਜ ਪੰਜਾਬ ਵਿਚ ਪਾਣੀ ਦੀ ਘਾਟ ਹੋਣ ਦੇ ਨਾਲ਼ ਨਾਲ਼ ਇਹ ਜ਼ਹਿਰੀਲਾ ਵੀ ਹੋਇਆ ਪਿਆ ਹੈ। ਬਾਕੀ ਕਸਰ ਫ਼ੈਕਟਰੀਆਂ ਵਾਲਿਆਂ ਨੇ ਆਪਣੀ 'ਰਹਿੰਦ-ਖੂੰਦ' (Industrial Waste) ਦਰਿਆਵਾਂ ਦੇ ਪਾਣੀਆਂ ਵਿਚ ਮਿਲਾ ਕੇ ਪੂਰੀ ਕਰ ਛੱਡੀ ਹੈ। ਲੁਧਿਆਣੇ ਦਾ 'ਬੁੱਢਾ ਨਾਲਾ' ਇਸ ਦੀ ਜਿਊਂਦੀ-ਜਾਗਦੀ ਮਿਸਾਲ ਹੈ। ਓਧਰ ਸੁਲਤਾਨਪੁਰ ਲੋਧੀ ਵਾਲਾ ਬਾਬਾ ਬਲਬੀਰ ਸਿੰਘ ਸੀਚੇਵਾਲ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ 'ਕਾਲੀ ਵੇਈਂ' ਦੀ ਸਫ਼ਾਈ ਕਰਵਾ ਕਰਵਾ ਕੇ ਥੱਕ ਗਿਆ ਹੈ ਪਰ ਫ਼ੈਕਟਰੀਆਂ ਵਾਲੇ ਅਜੇ ਵੀ ਇਸ ਵਿਚ ਆਪਣੀ ਰਹਿੰਦ-ਖੂੰਦ ਪਾਉਣੋਂ ਨਹੀਂ ਟਲ਼ਦੇ। ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਰਿਹਾ ਹੈ ਅਤੇ ਇਹ ਕੈਂਸਰ ਵਰਗੀਆਂ ਨਾ-ਮੁਰਾਦ ਬੀਮਾਰੀਆਂ ਨੂੰ ਜਨਮ ਦੇ ਰਿਹਾ ਹੈ। ਕੌਮੀ ਪੱਧਰ 'ਤੇ ਜੇਕਰ 'ਪਵਿੱਤਰ ਨਦੀ' ਗੰਗਾ ਦੀ ਗੱਲ ਕਰੀਏ ਤਾਂ ਰਿਸ਼ੀਕੇਸ਼ ਤੱਕ ਪਹਾੜੀ ਏਰੀਏ ਵਿਚ ਵਗਣ ਤੱਕ ਤਾਂ ਇਹ ਨਦੀ ਸਾਫ਼ ਅਤੇ 'ਪਾਕ-ਪਵਿੱਤਰ' ਕਹੀ ਜਾ ਸਕਦੀ ਹੈ ਪਰ ਮੈਦਾਨੀ ਇਲਾਕਿਆਂ ਵਿਚ ਦਾਖ਼ਲ ਹੁੰਦਿਆਂ ਹੀ ਇਸ ਵਿਚ 'ਰਹਿੰਦ-ਖੂੰਦ' ਦੇ ਰੂਪ ਵਿਚ ਏਨਾ ਕੁਝ ਸ਼ਾਮਲ ਹੋ ਜਾਂਦਾ ਹੈ ਕਿ ਫਿਰ ਤਾਂ ਇਹ ਨਾਮ ਦੀ ਹੀ ਪਵਿੱਤਰ ਰਹਿ ਜਾਂਦੀ ਹੈ। ਹਾਲ ਇਸ ਦਾ ਹਾਲ ਵੀ ਹੋਰ ਨਦੀਆਂ-ਨਾਲ਼ਿਆਂ ਅਤੇ ਦਰਿਆਵਾਂ ਵਾਲਾ ਹੀ ਹੋ ਜਾਂਦਾ ਹੈ। ਬਹੁ-ਗਿਣਤੀ ਲੋਕਾਂ ਦੀ ਧਾਰਮਿਕ ਆਸਥਾ ਨੂੰ ਮੁੱਖ ਰੱਖਦਿਆਂ ਹੋਇਆਂ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਹਜ਼ਾਰਾਂ ਕਰੋੜ ਰੁਪਏ ਖ਼ਰਚ ਕੇ ਕਥਿਤ ਸਫ਼ਾਈ ਕਰਵਾਈ ਜਾ ਚੁੱਕੀ ਹੈ, ਪਰ 'ਪਰਨਾਲਾ' ਓਥੇ ਦਾ ਓਥੇ ਹੀ ਹੈ। ਜਿੰਨਾਂ ਚਿਰ ਇਸ ਵਿਚ ਰਹਿੰਦ-ਖੂੰਦ ਨੂੰ ਮਿਲਣੋ ਸਖ਼ਤੀ ਨਾਲ ਨਹੀਂ ਬੰਦ ਕੀਤਾ ਜਾਂਦਾ, ਇਸ ਦਾ ਹਾਲ ਬਾਕੀ ਨਦੀਆਂ-ਨਾਲ਼ਿਆਂ ਵਰਗਾ ਹੀ ਰਹੇਗਾ।

ਸੰਸਾਰ ਦੀਆਂ ਪੁਰਾਤਨ ਸੱਭਿਆਤਾਵਾਂ, ਚਾਹੇ ਮਿਸਰ ਦੀ ਨੀਲ ਘਾਟੀ ਦੀ ਸੱਭਿਅਤਾ ਜਾਂ ਸਿੰਧ ਘਾਟੀ ਦੀ ਸੱਭਿਅਤਾ ਦੀ ਗੱਲ ਕਰੀਏ, ਇਹ ਨੀਲ ਅਤੇ ਸਿੰਧ ਦਰਿਆਵਾਂ ਦੇ ਕਿਨਾਰਿਆਂ 'ਤੇ ਹੀ ਵੱਸੀਆਂ ਸਨ। ਦੁਨੀਆਂ ਦੇ ਲੱਗਭੱਗ ਸਾਰੇ ਹੀ ਵੱਡੇ ਸ਼ਹਿਰ ਸਮੁੰਦਰ ਜਾਂ ਦਰਿਆਵਾਂ ਦੇ ਕੰਢਿਆਂ ਉੱਪਰ ਹੀ ਵੱਸੇ ਹਨ। ਭਾਰਤ ਦੇ ਵੱਡੇ ਸ਼ਹਿਰ ਹਰਿਦੁਆਰ, ਰਿਸ਼ੀਕੇਸ਼, ਅਲਾਹਾਬਾਦ, ਕਲਕੱਤਾ, ਯਮੁਨਾਨਗਰ ਆਦਿ ਗੰਗਾ ਤੇ ਯਮੁਨਾ ਨਦੀਆਂ ਦੇ ਕਿਨਾਰਿਆਂ 'ਤੇ ਹਨ ਅਤੇ ਮੁੰਬਈ ਤੇ ਚੇਨਈ (ਮਦਰਾਸ) ਸਮੁੰਦਰ ਦੇ ਕੰਢੇ ਹੈ। ਇਸੇ ਤਰ੍ਹਾਂ ਭਾਰਤ ਦੀਆਂ ਹੋਰ ਨਦੀਆਂ ਕ੍ਰਿਸ਼ਨਾ, ਕਾਵੇਰੀ, ਨਰਬਦਾ, ਤਾਪਤੀ, ਗੋਦਾਵਰੀ ਆਦਿ ਦੇ ਕਿਨਾਰਿਆਂ 'ਤੇ ਅਨੇਕਾਂ ਵੱਡੇ ਸ਼ਹਿਰ ਵੱਸੇ ਹੋਏ ਹਨ। ਕੈਨੇਡਾ ਦੇ ਤਿੰਨ ਵੱਡੇ ਸ਼ਹਿਰ ਮਾਂਟਰੀਅਲ, ਟੋਰਾਂਟੋ, ਵੈਨਕੂਵਰ ਆਦਿ ਵੀ ਸਮੁੰਦਰ ਜਾਂ ਵੱਡੀਆਂ ਝੀਲਾਂ ਦੇ ਕੰਢਿਆਂ 'ਤੇ ਹਨ। ਆਸਟ੍ਰੇਲੀਆ ਦੇ ਸ਼ਹਿਰ ਸਿਡਨੀ, ਮੈਲਬੌਰਨ, ਕੈਨਬਰਾ, ਐਡੀਲੇਡ, ਬ੍ਰਿਸਬੇਨ ਆਦਿ ਵੀ ਸਮੁੰਦਰ ਦੇ ਕੰਢਿਆਂ 'ਤੇ ਹੀ ਹਨ। ਦੁਨੀਆਂ ਦੇ ਬਾਕੀ ਦੇਸ਼ਾਂ ਵਿਚ ਵੀ ਇਹ ਵਰਤਾਰਾ ਇੰਜ ਹੀ ਹੈ।

ਮਨੁੱਖ ਦੀਆਂ ਪਾਣੀ ਤੋਂ ਲੜਾਈਆਂ ਮੁੱਢ-ਕਦੀਮ ਤੋਂ ਹੀ ਚੱਲੀਆਂ ਆਈਆਂ ਹਨ। ਜੰਗਲਾਂ ਵਿਚ ਰਹਿੰਦਿਆਂ ਅਤੇ ਉਸ ਤੋਂ ਬਾਅਦ ਵੀ ਪੁਰਾਤਨ ਕਬੀਲੀਆਂ ਦੇ ਆਪਣੀ ਟਕਰਾਅ ਆਮ ਤੌਰ 'ਤੇ ਪਾਣੀਆਂ ਦੇ ਕਬਜ਼ਿਆਂ ਤੋਂ ਹੀ ਹੋਇਆ ਕਰਦੇ ਸਨ। ਕਈ ਦੇਸ਼ਾਂ ਦੀਆਂ ਆਪਸੀ ਲੜਾਈਆਂ ਪਾਣੀਆਂ ਤੋਂ ਹੀ ਹੋਈਆਂ। ਅਰਬਾਂ ਤੇ ਇਜ਼ਰਾਈਲੀਆਂ ਵਿਚਕ-ਾਰ ਇਹ ਲੜਾਈ 1949 ਤੋਂ ਸ਼ੁਰੂ ਹੋ ਕੇ 1967 ਤੀਕ 18 ਸਾਲ ਚੱਲਦੀ ਰਹੀ। ਪਾਕਿਸਤਾਨ ਵਿਚ ਵਗਦੇ ਸਿੰਧ ਦਰਿਆ ਦੇ 'ਇੰਡਸ-ਬੇਸਿਨ ਵਾਟਰਜ਼' ਦਾ ਝਗੜਾ ਕਈ ਦਹਾਕੇ ਪੁਰਾਣਾ ਭਾਰਤ-ਪਾਕਿ 'ਸੀਤ-ਯੁੱਧ' ਅਜੇ ਵੀ ਉਂਜ ਹੀ ਚੱਲ ਰਿਹਾ ਹੈ। ਦੱਖਣੀ ਭਾਰਤ ਦੇ ਸੂਬਿਆਂ ਕਰਨ-ਾਟਕਾ ਤੇ ਤਾਮਿਲ ਨਾਡੂ ਵਿਚਕਾਰ 802 ਕਿਲੋਮੀਟਰ ਲੰਮੇਂ ਕਾਵੇਰੀ ਨਦੀ ਦੇ ਬੇਸਿਨ ਏਰੀਏ ਵਿਚ ਪਾਣੀ ਦੀ ਵੰਡ ਦਾ ਝਗੜਾ ਭਾਰਤ ਦੀ ਵੰਡ ਤੋਂ ਵੀ ਪਹਿਲਾਂ ਦਾ 1910 ਤੋਂ ਚੱਲ ਰਿਹਾ ਹੈ। ਕਈ ਟ੍ਰਿਬਿਊਨਲ ਤੇ ਬੋਰਡ ਬਣੇ ਅਤੇ ਅਖ਼ੀਰ ਮਾਮਲਾ ਸੁਪਰੀਮ ਕੋਰਟ ਵਿਚ ਗਿਆ ਜਿਸ ਨੇ 16 ਫ਼ਰਵਰੀ 2018 ਨੂੰ ਆਪਣਾ ਫ਼ੈਸਲਾ ਦਿੱਤਾ। ਇਸ ਦੇ ਅਨੁਸਾਰ ਹੀ ਕਰਨਾਟਕਾ, ਤਾਮਿਲ ਨਾਡੂ, ਕੈਰਲਾ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਪਾਂਡੀਚਰੀ ਵਿਚਕਾਰ ਪਾਣੀਆਂ ਦੀ ਵੰਡ ਕੀਤੀ ਗਈ। ਪੰਜਾਬ ਅਤੇ ਹਰਿਆਣੇ ਵਿਚ 'ਸਤਲੁਜ-ਯਮਨਾ ਲਿੰਕ' ਨਹਿਰ ਦਾ ਰੇੜਕਾ 1980 ਤੋਂ ਚੱਲਿਆ ਆ ਰਿਹਾ ਹੈ। ਇਸ ਦਾ ਕੋਈ ਯੋਗ ਹੱਲ ਅਜੇ ਤੱਕ ਨਹੀਂ ਲੱਭਿਆ ਅਤੇ ਨਾ ਹੀ ਨੇੜ-ਭਵਿੱਖ ਵਿਚ ਲੱਭਣ ਦੀ ਆਸ ਹੈ।

ਗੱਲ ਕੀ, ਮਨੁੱਖੀ ਜੀਵਨ ਵਿਚ ਪਾਣੀ ਦੀ ਸੱਭ ਤੋਂ ਵੱਧ ਅਹਿਮੀਅਤ ਹੈ। ਇਸ ਦੇ ਬਿਨਾਂ ਤਾਂ ਜ਼ਿੰਦਗੀ ਹੀ ਸੰਭਵ ਨਹੀਂ ਹੈ। ਪਾਣੀ ਸਾਨੂੰ ਕੁਦਰਤੀ ਸਰੋਤਾਂ ਝਰਨਿਆਂ, ਨਦੀਆਂ, ਨਹਿਰਾਂ, ਬਾਰਸ਼, ਆਦਿ ਤੋਂ ਮਿਲਦਾ ਹੈ। ਇਸ ਨੂੰ ਸੰਭਾਲਣ ਦੀ ਅਤਿਅੰਤ ਜ਼ਰੂਰਤ ਹੈ। ਇਸ ਨੂੰ ਗੰਧਲਾ ਅਤੇ ਜ਼ਹਿਰੀਲਾ ਹੋਣ ਤੋਂ ਬਚਾਉਣਾ ਸਾਡਾ ਮੁੱਖ-ਕਰਤਵ ਹੈ ਜਿਸ ਨੂੰ ਅਸੀਂ ਭੁੱਲ ਗਏ ਹਾਂ ਅਤੇ ਇਸ ਦੀ ਬੇਲੋੜੀ ਵਰਤੋਂ ਕਰਦੇ ਹਾਂ ਜਿਸ ਦੇ ਸਿੱਟੇ ਸਾਨੂੰ ਇਸ ਦੀ ਘਾਟ ਅਤੇ ਇਸ ਦਾ ਜ਼ਹਿਰੀਲੇਪਨ ਕੈਂਸਰ ਵਰਗੀਆਂ ਕਈ ਕਿਸਮ ਦੀਆਂ ਬੀਮਾਰੀਆਂ ਵਜੋਂ ਭੁਗਤਣੇ ਪੈ ਰਹੇ ਹਨ।

ਆਓ, ਸਾਰੇ ਪਾਣੀ ਦੀ ਬੱਚਤ ਕਰੀਏ ਅਤੇ ਇਸ ਨੂੰ ਜ਼ਹਿਰੀਲਾ ਹੋਣ ਤੋਂ ਬਚਾਈਏ। ਇਹ ਕੇਵਲ ਸਾਡੇ ਲਈ ਹੀ ਨਹੀਂ ਹੈ, ਸਗੋਂ ਇਹ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਲੋੜੀਂਦਾ ਹੈ।

# ਕੀ ਮੋਬਾਇਲ ਫ਼ੋਨ ਦੀ ਜ਼ਰੂਰਤ ਹੈ?

